ਸੰਤ ਕਸ਼ਮੀਰ ਸਿੰਘ ਭੂਰੀ ਵਾਲਿਆਂ ਵੱਲੋਂ ਗੁਰਦਵਾਰਾ ਅਟਾਰੀ ਸਾਹਿਬ ਸੁਲਤਾਨਵਿੰਡ ਵਿਖੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਾਵਨ ਯਾਦ ਨੂੰ ਸਮਰਪਿਤ ਤਿਆਰ ਕੀਤੀ ਨਵੀਂ ਇਮਾਰਤ ਦਾ ਉਦਘਾਟਨ: ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ

ਅੰਮ੍ਰਿਤਸਰ, 18 ਜਨਵਰੀ (ਬਬਲੂ ਮਹਾਜਨ): ਸਥਾਨਕ ਪਿੰਡ ਸੁਲਤਾਨਵਿੰਡ ਵਿਖੇ ਗੁਰਦਵਾਰਾ ਅਟਾਰੀ ਸਾਹਿਬ ਵਿਖੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ, ਜਿਨ੍ਹਾਂ ਨੇ ਮੀਰੀ ਤੇ ਪੀਰੀ ਦੀਆਂ ਤਲਵਾਰਾਂ ਨੂੰ ਧਾਰਨ ਕਰਕੇ ਸਿੱਖ ਧਰਮ ਨੂੰ ਸੰਤ-ਸਿਪਾਹੀ ਦੀ ਧਾਰਨਾ ਨਾਲ ਜੋੜਿਆ, ਦੀ ਯਾਦ ਵਿੱਚ ਸੰਤ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲੇ ਅਤੇ ਬਾਬਾ ਸੁਖਵਿੰਦਰ ਸਿੰਘ ਜੀ ਵੱਲੋਂ ਤਿਆਰ ਕੀਤੀ ਨਵੀਂ ਇਮਾਰਤ ਦੇ ਸੁੰਦਰ ਦਰਬਾਰ ਹਾਲ ਵਿੱਚ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਅਤੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਉਪਰੰਤ ਇੱਕ ਵਿਸ਼ਾਲ ਦੀਵਾਨ ਸਜਾਇਆ ਗਿਆ। ਜਿੱਥੇ ਨਾਮਵਰ ਵਿਦਵਾਨਾਂ, ਰਾਗੀ ਤੇ ਢਾਡੀ ਜੱਥਿਆਂ ਨੇ ਗੁਰੂ ਜੱਸ ਗਾਇਨ ਕੀਤਾ ਅਤੇ ਵੱਡੀ ਗਿਣਤੀ ਵਿੱਚ ਰਾਜਸੀ ਤੇ ਧਾਰਮਿਕ ਸ਼ਖਸ਼ੀਅਤਾਂ ਨੇ ਹਾਜ਼ਰੀਆਂ ਭਰੀਆਂ।ਗੁਰਦੁਆਰਾ ਸਾਹਿਬ ਨੂੰ ਬਹੁਤ ਹੀ ਸੋਹਣੇ ਤਰੀਕੇ ਨਾਲ ਸਜਾਇਆ ਗਿਆ , ਜੋ ਦੂਰੋਂ ਹੀ ਸੰਗਤਾਂ ਦੇ ਮਨਾਂ ਨੂੰ ਮੋਹ ਲੈਂਦਾ ਹੈ ਅਤੇ ਉਨ੍ਹਾਂ ਨੂੰ ਗੁਰੂ ਚਰਨਾਂ ਵਿੱਚ ਜੁੜਨ ਲਈ ਪ੍ਰੇਰਿਤ ਕਰਦਾ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖਆਸਨ ਸਥਾਨ ਅਤੇ ਅਖੰਡ ਪਾਠਾਂ ਲਈ ਕਮਰੇ ਵੀ ਬਣਾਏ ਗਏ ਹਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੇ ਮਹਾਂਪੁਰਸ਼ਾਂ ਵੱਲੋਂ ਕੀਤੇ ਗਏ ਕਾਰਜਾਂ ਦੀ ਭਰਪੂਰ ਸਲਾਘਾ ਕਰਦਿਆਂ ਕਿਹਾ ਕਿ ਗੁਰਧਾਮਾਂ ਦੀ ਸੇਵਾ ਵਿੱਚ ਮਰਿਆਦਾ ਤੇ ਮਿਆਰ ਨੂੰ ਬਰਕਰਾਰ ਰੱਖਣ ਵਿੱਚ ਸੰਤ ਬਾਬਾ ਕਸ਼ਮੀਰ ਸਿੰਘ ਜੀ ਅਤੇ ਬਾਬਾ ਸੁਖਵਿੰਦਰ ਸਿੰਘ ਜੀ ਦਾ ਵਿਸ਼ਾਲ ਨਜ਼ਰੀਆ ਅਤੇ ਦੂਰ-ਅੰਦੇਸ਼ੀ ਵਾਲੀ ਪਹੁੰਚ ਬੇਮਿਸਾਲ ਹੈ। ਉਹ ਇਮਾਰਤ ਉਸਾਰੀ ਲਈ ਅਤੀ ਆਧੁਨਿਕ ਤਕਨੀਕ , ਉੱਚਪਾਏ ਦੇ ਮਟੀਰੀਅਲ ਦੀ ਵਰਤੋਂ , ਹਰ ਵੇਲੇ ਸੇਵਾ ਕਾਰਜਾਂ ਦੀ ਨਿਗਰਾਨੀ ਅਤੇ ਹੱਥੀਂ ਸੇਵਾ ਵਿੱਚ ਵਿਸ਼ਵਾਸ ਰੱਖਦੇ ਹਨ। ਇਹ ਨਵੀਂ ਇਮਾਰਤ ਉਨ੍ਹਾਂ ਦੀ ਸੇਵਾ ਭਾਵਨਾ ਦੀ ਪ੍ਰਤੀਕ ਅਤੇ ਸਿੱਖ ਧਰਮ ਦੀ ਵਿਰਾਸਤ ਰੂਪਮਾਨ ਕਰਨ ਵਾਲੀ

ਇਮਾਰਤ ਹੈ ।ਉਹਨਾਂ ਨੇ ਇਹ ਵੀ ਜ਼ਿਕਰ ਕੀਤਾ ਕਿ ਵੱਡੇ ਪੰਥਕ ਇਕੱਠਾਂ ਜਾਂ ਸ਼ਤਾਬਦੀ ਸਮਾਗਮਾਂ ਸਮੇਂ ਲੱਖਾਂ ਸੰਗਤਾਂ ਨੂੰ ਲੰਗਰ ਛਕਾਉਣ ਲਈ ਮਹਾਂਪੁਰਸ਼ਾਂ ਕੋਲ ਵਿਸ਼ਾਲ ਤੇ ਕਾਬਲੇ ਤਾਰੀਫ ਪ੍ਰਬੰਧ ਹੈ ਜੋ ਗੁਰੂ ਨਾਨਕ ਦੇਵ ਜੀ ਵੱਲੋਂ ਸਥਾਪਿਤ ਲੰਗਰ ਪ੍ਰਥਾ ਅਤੇ ਸੇਵਾ ਦੇ ਸੰਦੇਸ਼ ਨੂੰ ਮਜ਼ਬੂਤ ਕਰਦਾ ਹੈ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੇ ਸੰਤ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲਿਆਂ ਵੱਲੋਂ ਇਤਿਹਾਸਕ ਗੁਰਧਾਮਾਂ ਵਿੱਚ ਕੀਤੀਆਂ ਜਾ ਰਹੀਆਂ ਸੇਵਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਮਹਾਂਪੁਰਸ਼ਾਂ ਦੀ ਮਿਲਣਸਾਰੀ ਤੇ ਸਹਿਚਾਰ ਦਾ ਵੀ ਕੋਈ ਸਾਨੀ ਨਹੀਂ।

ਇਸ ਮੌਕੇ ਉਨ੍ਹਾਂ ਨੇ ਸੰਤ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲੇ ਅਤੇ ਬਾਬਾ ਸੁਖਵਿੰਦਰ ਸਿੰਘ ਜੀ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਨਗਰ ਨਿਵਾਸੀਆਂ ਵੱਲੋਂ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ । ਇਸ ਦੌਰਾਨ ਸੰਤ ਬਾਬਾ ਕਸ਼ਮੀਰ ਸਿੰਘ ਜੀ ਨੇ ਸਮਾਗਮ ਵਿੱਚ ਪਹੁੰਚੀਆਂ ਪ੍ਰਮੁੱਖ ਸ਼ਖਸੀਅਤਾਂ ਅਤੇ ਇਮਾਰਤ ਉਸਾਰੀ ਵਿੱਚ ਸਹਿਯੋਗ ਕਰਨ ਵਾਲੇ ਵਿਅਕਤੀਆਂ ਨੂੰ ਸਨਮਾਨਿਤ ਕਾਰਨ ਉਪਰੰਤ ਪ੍ਰਬੰਧਕਾਂ ਨੂੰ ਚਾਬੀਆਂ ਸੌਂਪਦਿਆਂ ਕਿਹਾ ਕਿ ਸੇਵਾ ਦੇ ਕਾਰਜਾਂ ਨੂੰ ਮੁਕੰਮਲ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਵੱਡੇ ਸਹਿਯੋਗ ਦੇ ਨਾਲ ਦਿਨ ਰਾਤ ਸਖਤ ਮਿਹਨਤ ਕਰਨੀ ਪੈਂਦੀ ਹੈ। ਪਰ ਇਹ ਸਭ ਗੁਰੂ ਸਾਹਿਬ ਆਪਣੇ ਸੇਵਕਾਂ ਦੇ ਸਿਰ 'ਤੇ ਹੱਥ ਰੱਖ ਕੇ ਕਰਵਾ ਲੈਂਦੇ ਹਨ। ਉਨ੍ਹਾਂ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਥੱਲੇ ਵਾਲੇ ਹਾਲ ਨੂੰ ਸਟੋਰ ਵਜੋਂ ਅਤੇ ਸਮੇਂ ਦੀ ਲੋੜ ਅਨੁਸਾਰ ਸਮਾਜਿਕ ਸਰੋਕਾਰਾਂ ਲਈ ਬੜੇ ਸੁਚੱਜੇ ਢੰਗ ਨਾਲ ਵਰਤੋਂ ਵਿੱਚ ਲਿਆਂਦਾ ਜਾਵੇਗਾ। ਇਸ ਤੋਂ ਇਲਾਵਾ, ਸਮੁੱਚੇ ਕੰਪਲੈਕਸ ਨੂੰ ਹੋਰ ਵਿਸਥਾਰ ਦਿੰਦੇ ਹੋਏ ਅਤਿ ਆਧੁਨਿਕ ਲੰਗਰ ਇਮਾਰਤ, ਜੋੜਾ ਘਰ, ਵਾਸ਼ਰੂਮ, ਫਰੰਟ ਐਲੀਵੇਸ਼ਨ ਅਤੇ ਪ੍ਰਬੰਧਕੀ ਬਲਾਕ ਵੀ ਤਿਆਰ ਕੀਤੇ ਜਾਣਗੇ। ਉਹਨਾਂ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਅਪੀਲ ਕੀਤੀ ਕਿ ਕੱਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵਿਆਹ ਪੁਰਬ ਨੂੰ ਸਮਰਪਿਤ ਹੋ ਰਹੇ ਸਮਾਗਮਾਂ ਵਿੱਚ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਜੀਵਨ ਸਫਲਾ ਕਰੋ ਜੀ ਇਸ ਮੌਕੇ ਸ਼ਿਰੋਮਣੀ ਅੱਜ ਸਮਾਗਮ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ ਵਿਧਾਇਕ ਇੰਦਰਬੀਰ ਸਿੰਘ ਨਿੱਜਰ, ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਮੰਗਵਿੰਦਰ ਸਿੰਘ ਖਾਪੜਖੇੜੀ, ਮੈਂਬਰ ਸ਼੍ਰੋਮਣੀ ਕਮੇਟੀ ਹਰਜਾਪ ਸਿੰਘ ਸੁਲਤਾਨਵਿੰਡ , ਸ ਰਜਿੰਦਰ ਸਿੰਘ ਮਹਿਤਾ, ਬਾਵਾ ਸਿੰਘ ਗੁਮਾਨਪੁਰਾ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸ ਅਜਾਇਬ ਸਿੰਘ ਅਭਿਆਸੀ, ਸ਼੍ਰੋਮਣੀ ਕਮੇਟੀ ਦੇ ਐਡੀ.ਬਲਵਿੰਦਰ ਸਿੰਘ ਖੈਰਾਬਾਦ ,ਬਾਬਾ ਸਤਨਾਮ ਸਿੰਘ ਜੀ ਕਿਲਾ ਅਨੰਦਗੜ੍ਹ ਵਾਲੇ ਬਾਬਾ, ਬਾਬਾ ਸੇਵਾ ਸਿੰਘ ਜੀ ਖਡੂਰ ਸਾਹਿਬ ਵਾਲਿਆਂ ਵੱਲੋਂ ਬਾਬਾ ਗੁਰਪ੍ਰੀਤ ਸਿੰਘ , ਬਾਬਾ ਸਤਨਾਮ ਸਿੰਘ ਜੀ ਗੁਰੂ-ਕਾ-ਬਾਗ , ਬਾਬਾ ਅਵਤਾਰ ਸਿੰਘ ਜੀ ਸੁਰਸਿੰਘ ਵਾਲਿਆਂ ਵੱਲੋਂ ਬਾਬਾ ਨਾਹਰ , ਬਾਬਾ ਸੁਰਜੀਤ ਸਿੰਘ ਕੈਰੋਂ, ਮਹੰਤ ਜਰਨੈਲ ਸਿੰਘ ਜੀ ਡੇਰਾ ਠਾਕਰਾਂ, ਵੈਦ ਮਹੰਤ ਅਮਰੀਕ ਸਿੰਘ, ਮਹੰਤ ਸੁਖਚੈਨ ਸਿੰਘ , ਸੰਤ ਜੈਲ ਸਿੰਘ ਸ਼ਾਸਤਰੀ, ਬਾਬਾ ਸੁਖਵਿੰਦਰ ਸਿੰਘ ਜੀ,ਬਾਬਾ ਸੋਹਨ ਸਿੰਘ, ਬਾਬਾ ਜੱਗਾ ਸਿੰਘ, ਐਡਵੋਕੇਟ ਮਨਜੀਤ ਸਿੰਘ ਛੀਨਾ,ਸ ਸੁਖਰਾਜ ਸਿੰਘ ਸੰਧੂ ਤਹਿਸੀਲਦਾਰ (ਰਿਟਾ.) , ਸ ਹਰਭਜਨ ਸਿੰਘ ਸਿੱਧੂ , ਆਰਕੀਟੈਕਟ ਸ ਜਸਪ੍ਰੀਤ ਸਿੰਘ, ਮੈਨੇਜਰ ਰਸ਼ਪਾਲ ਸਿੰਘ , ਜੁਗਰਾਜ ਸਿੰਘ ਅਕਾਊਂਟੈਂਟ, ਰਵਿੰਦਰ ਸਿੰਘ ਆਰ ਕੇ, ਰਣਜੋਧ ਸਿੰਘ ਐਸਕੇ , ਪ੍ਰੋ. ਸਰਦਾਰਾ ਸਿੰਘ, ਡਾ. ਰਣਜੀਤ ਸਿੰਘ ਮਾਨ ,ਭਾਈ ਅਮਰਜੀਤ ਸਿੰਘ,ਹਰਮਨਪ੍ਰੀਤ ਸਿੰਘ ਵੇਰਕਾ, ਐਕਸੀਅਨ ਸ ਸੁਖਜਿੰਦਰ ਸਿੰਘ , ਸ ਸਤਬੀਰ ਸਿੰਘ ਅਤੇ ਸ ਸ਼ਮਸ਼ੇਰ ਸਿੰਘ (ਦੋਵੇਂ ਜੇ ਈ), ਸ ਸੁਖਬੀਰ ਸਿੰਘ ਮਾਹਲ, ਸੁਖਜਿੰਦਰ ਸਿੰਘ ਕਲਰਕ , ਸੁਖਵਿੰਦਰ ਸਿੰਘ ਪੱਪੂ , ਸ ਦਿਲਬਾਗ ਸਿੰਘ ਸੁਲਤਾਨਵਿੰਡ ,ਸ ਹਰਿੰਦਰ ਸਿੰਘ ਰਈਆ ,ਸ ਪ੍ਰਗਟ ਸਿੰਘ ਬਟਾਲਾ, ਰਾਣਾ ਪਲਵਿੰਦਰ ਸਿੰਘ ਦੋਬੁਰਜੀ, ਕਸ਼ਮੀਰ ਸਿੰਘ ਬੁੱਟਰ , ਰਵੀ ਸ਼ੇਰ ਸਿੰਘ ਖਾਲਸਾ, ਸਤਨਾਮ ਸਿੰਘ ਧੱਤਲ, ਲਵਪ੍ਰੀਤ ਸਿੰਘ ਸੁੱਖਪਾਲ ਸਿੰਘ ਚੌਹਾਨ , ਪਰਮਜੀਤ ਸਿੰਘ, ਭਾਈ ਅਮਰੀਕ ਸਿੰਘ ਹੈੱਡ ਮਿਸਤਰੀ , ਬਾਬਾ ਅਵਤਾਰ ਸਿੰਘ, ਬਾਬਾ ਕਰਨ ਸਿੰਘ, ਬਾਬਾ ਨਾਜ਼ਰ ਸਿੰਘ , ਬਾਬਾ ਰਤਨ ਸਿੰਘ, ਬਾਬਾ ਫਤਿਹ ਸਿੰਘ,ਬਾਬਾ ਜੋਧਬੀਰ ਸਿੰਘ, ਬਾਬਾ ਹਰੀ ਸਿੰਘ , ਬਾਬਾ ਸਤਨਾਮ ਸਿੰਘ , ਬਾਬਾ ਬੂਟਾ ਸਿੰਘ ਬਾਬਾ ਨਿਰਮਲ ਸਿੰਘ , ਬਾਬਾ ਅਮਰ ਸਿੰਘ,ਮਾਸਟਰ ਪਰਦੀਪ ਸਿੰਘ,ਬਾਬਾ ਯਾਦਵਿੰਦਰ ਸਿੰਘ, ਬਾਬਾ ਸੁੰਦਰ ਸਿੰਘ,ਬਾਬਾ ਕੁਲਵਿੰਦਰ ਸਿੰਘ, ਬਾਬਾ ਲਸ਼ਕਰ ਸਿੰਘ , ਬਾਬਾ ਕੁੰਵਰਪ੍ਰਤਾਪ ਸਿੰਘ,ਬਾਬਾ ਸੇਵਾ ਸਿੰਘ, ਬਾਬਾ ਜੁਗਰਾਜ ਸਿੰਘ , ਬਾਬਾ ਗੁਰਭੇਜ ਸਿੰਘ , ਬਾਬਾ ਜਗਜੀਤ ਸਿੰਘ, ਬਾਬਾ ਸਰਵਣ ਸਿੰਘ, ਬਾਬਾ ਕਾਬਲ ਸਿੰਘ, ਬਾਬਾ ਅਮਨਦੀਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਇਸ ਤੋਂ ਪਹਿਲਾਂ ਨਾਮਵਰ ਵਿਦਵਾਨ ਗਿਆਨੀ ਹਰਪ੍ਰੀਤ ਸਿੰਘ ਜੰਡਿਆਲਾ, ਗੁਰਦੁਆਰਾ ਅਟਾਰੀ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਹਰਜੀਤ ਸਿੰਘ , ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਗੁਰਦੇਵ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਢਾਡੀ ਗਿਆਨੀ ਸਤਨਾਮ ਸਿੰਘ ਐਮਏ ਦੇ ਜਥੇ ਨੇ ਸੰਗਤਾਂ ਨੂੰ ਗੁਰੂ ਜੱਸ ਸਰਵਣ ਕਰਾਇਆ । ਗਿਆਨੀ ਹਰਪ੍ਰੀਤ ਸਿੰਘ ਜੰਡਿਆਲਾ ਨੇ ਸਟੇਜ ਦੀ ਸੇਵਾ ਵੀ ਬਾਖੂਬੀ ਨਿਭਾਈ , ਅਰਦਾਸ ਗੁਰਦੁਆਰਾ ਅਟਾਰੀ ਸਾਹਿਬ ਦੇ ਅਰਦਾਸੀਏ ਭਾਈ ਗੁਰਸੇਵਕ ਸਿੰਘ ਨੇ ਕੀਤੀ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ। ਕੈਪਸ਼ਨ: ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਪਾਵਨ ਯਾਦ ਨੂੰ ਸਮਰਪਿਤ ਸੁਲਤਾਨਵਿੰਡ ਵਿਖੇ ਨੇ ਤਿਆਰ ਕੀਤੇ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ,ਬਾਬਾ ਕਸ਼ਮੀਰ ਸਿੰਘ ਜੀ ਅਤੇ ਬਾਬਾ ਸੁਖਵਿੰਦਰ ਸਿੰਘ ਜੀ , ਪ੍ਰਬੰਧਕਾਂ ਨੂੰ ਸੌਂਪਦੇ ਹੋਏ ਤਸਵੀਰ ਵਿੱਚ ਨਾਲ ਨਜ਼ਰ ਆ ਰਹੇ ਹਨਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ ਵਿਧਾਇਕ ਸ ਇੰਦਰਬੀਰ ਸਿੰਘ ਨਿਜਰ , ਸ਼੍ਰੋਮਣੀ ਦੇ ਮੈਂਬਰਾਨ ਸ ਮੰਗਵਿੰਦਰ ਸਿੰਘ ਖਾਪੜਖੇੜੀ ,ਸ ਹਰਜਾਪ ਸਿੰਘ ਸੁਲਤਾਨਵਿੰਡ , ਸ ਰਜਿੰਦਰ ਸਿੰਘ ਮਹਿਤਾ, ਸ ਬਾਵਾ ਸਿੰਘ ਗੁਮਾਨਪੁਰਾ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸ ਅਜੈਬ ਸਿੰਘ ਅਭਿਆਸੀ ਬਾਬਾ ਸਤਨਾਮ ਸਿੰਘ ਜੀ ਕਿਲਾ ਅਨੰਦਗੜ੍ਹ ਵਾਲੇ ਬਾਬਾ , ਬਾਬਾ ਗੁਰਪ੍ਰੀਤ ਸਿੰਘ , ਬਾਬਾ ਸਤਨਾਮ ਸਿੰਘ ਜੀ ਗੁਰੂ-ਕਾ-ਬਾਗ ,ਸੁਖਰਾਜ ਸਿੰਘ ਸੰਧੂ ਤਹਿਸੀਲਦਾਰ (ਰਿਟਾ.) ਤੇ ਹੋਰ 2. ਨਵੀਂ ਇਮਾਰਤ ਦੀਆਂ ਚਾਬੀਆਂ ਪ੍ਰਬੰਧਕਾਂ ਨੂੰ ਸੌਂਪਣ ਤੋਂ ਪਹਿਲਾਂ ਸੰਤ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ।

ਬਿਹਾਰੀਆ ਸਕੂਟਰੀ ਲੈ ਕੇ ਫਰਾਰ, ਸਾਥੀਆਂ ਨੇ ਪ੍ਰਸ਼ਾਸਨ ਨੂੰ ਲਗਾਈ ਇਨਸਾਫ਼ ਦੀ ਗੁਹਾਰ

ਕੋਟ ਈਸੇ ਖਾਂ, 18 ਜਨਵਰੀ (ਹਰਜੀਤ ਛਾਬੜਾ/ਗੁਰਦੇਵ ਖੁਰਾਣਾ): ਰੰਗ-ਰੋਗਨ ਦਾ ਕੰਮ ਕਰਨ ਵਾਲੇ ਇੱਕ ਬਿਹਾਰੀ ਮਜ਼ਦੂਰ ਵੱਲੋਂ ਕਿਸਾਨ ਦੇ ਘਰੋਂ ਉਸਦੀ ਸਕੂਟਰੀ ਲੈ ਕੇ ਫਰਾਰ ਹੋ ਜਾਣ ਦੀ ਖਬਰ ਮਿਲੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਉਸ ਦੇ ਹੀ ਸਾਥੀਆਂ ਪ੍ਰਮੋਦ ਮਹਿਤਾ, ਪ੍ਰਣਵ ਕੁਮਾਰ ਮਹਿਤਾ, ਰਾਮਾ ਚੰਦਰ ਮਹਿਤਾ, ਅਰਵਿੰਦਰ ਮਹਿਤਾ ਤੇ ਕੈਲਾਸ਼

ਕੁਮਾਰ ਮਹਿਤਾ ਨੇ ਦੱਸਿਆ ਕਿ ਅਸੀਂ ਸਾਰੇ

ਸਾਥੀ ਮੂਲ ਰੂਪ ਤੋਂ ਬਿਹਾਰ ਦੇ ਰਹਿਣ ਵਾਲੇ ਹਾਂ, ਪਰ ਪਿਛਲੇ ਕੁਝ ਸਾਲਾਂ ਤੋਂ ਅਸੀਂ ਕੋਟ ਈਸੇ ਖਾਂ ਆਪਣਾ ਰੈਣ ਬਸੇਰਾ ਕੀਤਾ ਹੋਇਆ। ਅਸੀਂ ਘਰਾਂ ਵਿੱਚ ਰੰਗ ਰੋਗਨ ਦਾ ਕੰਮ ਕਰਦੇ ਹਾਂ, ਇਸੇ ਸਿਲਸਿਲੇ ਤਹਿਤ ਅਸੀਂ ਲੰਘੇ ਨਵੰਬਰ ਦੇ ਮਹੀਨੇ ਵਿੱਚ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਸੁਰ ਸਿੰਘ ਵਾਲਾ ਦੇ ਕਿਸਾਨ ਪ੍ਰੇਮ ਸਿੰਘ ਦੇ ਘਰ ਵੀ ਰੰਗ ਕਰਨ ਦਾ ਕੰਮ ਕਰ ਰਹੇ ਸੀ ਕਿ ਸਾਡਾ ਹੀ ਇੱਕ ਸਾਥੀ ਸਰਬਜੀਤ ਕੁਮਾਰ ਉਸ ਕਿਸਾਨ ਦੀ ਇਲੈਕਟ੍ਰੋਨਿਕ ਸਕੂਟਰੀ ਲੈ ਕੇ ਪਤਾ ਨਹੀਂ ਕਿਧਰੇ ਫਰਾਰ ਹੋ ਗਿਆ। ਅਸੀਂ ਉਸ ਦੀ ਬਹੁਤ ਜਿਆਦਾ ਭਾਲ ਕੀਤੀ, ਪਰ ਉਹ ਸਾਨੂੰ ਕਿਧਰੇ ਵੀ ਨਹੀਂ ਮਿਲਿਆ। ਪ੍ਰਮੋਦ ਮਹਿਤਾ ਨੇ ਦੱਸਿਆ ਕਿ ਜਦੋਂ ਅਸੀਂ ਸੀਸੀਟੀ ਕੈਮਰਿਆਂ ਦੇ ਫੁਟੇਜ ਵੇਖੇ ਤਾਂ ਸਰਬਜੀਤ ਕੁਮਾਰ ਸਕੂਟਰੀ ਸਮੇਤ ਕੋਟ ਈਸੇ ਖਾਂ ਵਿੱਚ ਦਾਖਲ ਹੁੰਦਾ ਦਿਖਾਈ ਦਿੰਦਾ ਹੈ, ਪਰ ਉਸ ਤੋਂ ਬਾਅਦ ਉਹ ਕਿਧਰੇ ਵੀ ਨਹੀਂ ਲੱਭਿਆ, ਪ੍ਰਮੋਦ ਕੁਮਾਰ ਨੇ ਦੱਸਿਆ ਕਿ ਅਸੀਂ ਪੁਲਿਸ ਪ੍ਰਸ਼ਾਸਨ ਨੂੰ ਦਰਖਾਸਤ ਦੇ ਕੇ ਸਰਬਜੀਤ ਕੁਮਾਰ ਨੂੰ ਲੱਭਣ ਦੀ ਗੁਹਾਰ ਲਗਾਈ ਹੈ, ਕਿਉਂਕਿ ਅਸੀਂ ਕਿਸਾਨ ਨਾਲ ਨਿੱਬੜ ਚੁੱਕੇ ਹਾਂ, ਉਸ ਦੇ ਨੁਕਸਾਨ ਦੀ ਭਰਭਾਈ ਕਰ ਚੁੱਕੇ ਹਾਂ ਤੇ ਅਸੀਂ ਚਾਹੁੰਦੇ ਹਾਂ ਕਿ ਪੁਲਿਸ ਪ੍ਰਸ਼ਾਸਨ ਸਰਬਜੀਤ ਕੁਮਾਰ ਨੂੰ ਲੱਭ ਕੇ ਸਾਨੂੰ ਇਨਸਾਫ ਦਿਵਾਵੇ।

ਕਿਸਾਨਾਂ ਦੀ ਰਿਹਾਈ ਲਈ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਲਾਇਆ ਮੋਗਾ-ਮਖੂ ਹਾਈਵੇਅ ਰੋਡ,'ਤੇ ਪੱਕਾ ਧਰਨਾ

ਕੋਟ ਈਸੇ ਖਾਂ, 18 ਜਨਵਰੀ (ਹਰਜੀਤ ਛਾਬੜਾ/ਗੁਰਦੇਵ ਖੁਰਾਣਾ): ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਸ੍ਰੀ ਸਤਨਾਮ ਸਿੰਘ ਪੰਨੂੰ ਦੀ ਅਗਵਾਈ ਹੇਠ ਮੋਗਾ-ਅੰਮ੍ਰਿਤਸਰ ਰੋਡ ਉੱਤੇ ਪਿੰਡ ਦੌਲੇਵਾਲਾ ਮਾਇਰ ਵਿਖੇ ਪੰਜਾਬ ਤੇ ਸੀਨੀਅਰ ਆਗੂ ਸ੍ਰੀ ਸਰਵਨ ਸਿੰਘ ਪੰਧੇਰ ਸਮੇਤ ਹੋਰ 15 ਕਿਸਾਨਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਪੱਕਾ ਧਰਨਾ ਲਾਇਆ ਗਿਆ।

ਧਰਨਾਕਾਰੀ ਕਿਸਾਨਾਂ ਨੇ ਦੋਸ਼ ਲਗਾਇਆ ਕਿ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਵੱਲੋਂ ਕਿਸਾਨਾਂ ਨਾਲ ਗੱਲਬਾਤ ਨਹੀਂ ਕਰਵਾਈ ਗਈ, ਜਿਸ ਕਾਰਨ ਕਿਸਾਨਾਂ ਵਿੱਚ ਭਾਰੀ ਰੋਸ ਹੈ। ਪ੍ਰਸ਼ਾਸਨ ਵੱਲੋਂ ਕਿਸਾਨਾਂ ਦੀਆਂ ਮੰਗਾਂ ਨੂੰ ਅਣਦੇਖਾ ਕਰਨ ਦੇ ਵਿਰੋਧ ਵਜੋਂ ਸੈਂਕੜੇ ਕਿਸਾਨਾਂ ਨੇ ਸੜਕ 'ਤੇ ਬੈਠ ਕੇ ਧਰਨਾ ਦਿੱਤਾ। ਸ੍ਰੀ ਸਤਨਾਮ ਸਿੰਘ ਪੰਨੂੰ ਨੇ ਕਿਹਾ ਕਿ ਜਦੋਂ ਤੱਕ ਸਰਕਾਰ ਕਿਸਾਨ ਆਗੂਆਂ ਸਮੇਤ ਗ੍ਰਿਫ਼ਤਾਰ ਕੀਤੇ ਗਏ ਸਾਰੇ ਕਿਸਾਨਾਂ ਨੂੰ ਬਿਨਾਂ ਸ਼ਰਤ ਰਿਹਾ ਨਹੀਂ ਕਰਦੀ, ਤਦ ਤੱਕ ਸੰਘਰਸ਼ ਜਾਰੀ ਰਹੇਗਾ।

ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਜੇ ਸਰਕਾਰ ਨੇ ਜਲਦ ਕੋਈ ਠੋਸ ਫ਼ੈਸਲਾ ਨਾ ਲਿਆ ਤਾਂ ਇਹ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਧਰਨੇ ਦੌਰਾਨ ਕਿਸਾਨਾਂ ਨੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਹੋਏ ਕਿਸਾਨਾਂ ਦੇ ਹੱਕਾਂ ਦੀ ਰੱਖਿਆ ਦੀ ਮੰਗ ਕੀਤੀ। ਇਸ ਮੌਕੇ ਜ਼ਿਲ੍ਹਾ ਕਮੇਟੀ ਮੈਂਬਰ ਅਵਤਾਰ ਸਿੰਘ ਧਰਮ ਸਿੰਘ ਵਾਲਾ, ਗੁਰਦੇਵ ਸਿੰਘ ਸ਼ਾਹਵਾਲਾ, ਗੁਰਭੇਜ ਸਿੰਘ, ਹਰਬੰਸ ਸਿੰਘ, ਮੇਹਰ ਸਿੰਘ, ਹਰਜਿੰਦਰ ਸਿੰਘ, ਸੁਖਵਿੰਦਰ ਸਿੰਘ, ਰਾਣਾ ਦੌਲੇਵਾਲਾ, ਸੁਖਦੇਵ ਸਿੰਘ ਪ੍ਰੈਸ ਸਕੱਤਰ ਤੋਂ ਇਲਾਵਾ ਵੱਡੀ ਗਿਣਤੀ 'ਚ ਕਿਸਾਨ-ਮਜ਼ਦੂਰ ਹਾਜ਼ਰ ਸਨ।

ਬੀ.ਬੀ.ਐਸ ਇੰਡੋ ਕੈਨੇਡੀਅਨ ਸਕੂਲ ਵਿੱਚ ਮਨਾਇਆ ਗਿਆ ਲੋਹੜੀ ਦਾ ਤਿਉਹਾਰ

ਭਗਤਾ ਭਾਈ ਕਾ 18 ਜਨਵਰੀ (ਸਵਰਨ ਸਿੰਘ ਭਗਤਾ)ਬੀ.ਬੀ.ਐਸ ਇੰਡੋ ਕੈਨੇਡੀਅਨ ਸਕੂਲ ਜੋ ਕਿ ਐਡਵੋਕੇਟ ਬਾਵਾ ਯਸ਼ਪ੍ਰੀਤ ਸਿੰਘ ਦੀ ਅਗਵਾਈ ਹੇਠ ਚੱਲ ਰਹੀ ਸੰਸਥਾ ਵਿੱਚ ਪੰਜਾਬੀ ਸਭਿਆਚਾਰ ਦੇ ਪ੍ਰਤੀਕ ਲੋਹੜੀ ਦੇ ਤਿਉਹਾਰ ਨੂੰ ਬੜੀ ਖ਼ੁਸ਼ੀ, ਉਤਸ਼ਾਹ ਅਤੇ ਰਵਾਇਤੀ ਢੰਗ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਪ੍ਰਿੰਸੀਪਲ ਡਾ.ਧਵਨ ਕੁਮਾਰ ਨੇ ਰਵਾਇਤੀ ਅੱਗ ਜਗਾ ਕੇ ਕੀਤੀ ਗਈ, ਜਿਸ ਦੇ ਆਲੇ-ਦੁਆਲੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਰੇਵੜੀਆਂ, ਮੂੰਗਫਲੀਆਂ, ਗੱਜਕ ਅਤੇ ਤਿਲ ਦੇ ਲੱਡੂ ਅਰਪਿਤ ਕਰਕੇ ਲੋਹੜੀ ਦੀ ਪਰੰਪਰਾ ਨੂੰ ਨਿਭਾਇਆ। ਵਿਦਿਆਰਥੀਆਂ ਵੱਲੋਂ ਗਿੱਧਾ, ਭੰਗੜਾ ਅਤੇ ਲੋਕਗੀਤ ਪੇਸ਼ ਕਰਕੇ ਸਮਾਗਮ ਨੂੰ ਹੋਰ ਵੀ ਰੰਗੀਨ ਬਣਾਇਆ ਗਿਆ। ਸਕੂਲ ਦੇ ਪ੍ਰਿੰਸੀਪਲ ਡਾ. ਧਵਨ ਕੁਮਾਰ ਨੇ ਲੋਹੜੀ ਦੇ ਤਿਉਹਾਰ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਲੋਹੜੀ ਸਿਰਫ਼ ਇੱਕ ਤਿਉਹਾਰ ਨਹੀਂ, ਸਗੋਂ ਇਹ ਕਿਸਾਨੀ ਸਭਿਆਚਾਰ, ਆਪਸੀ ਭਾਈਚਾਰੇ ਅਤੇ ਖੁਸ਼ਹਾਲੀ ਦਾ ਪ੍ਰਤੀਕ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੀ ਮਾਂ-ਬੋਲੀ ਅਤੇ ਵਿਰਾਸਤ ਨਾਲ ਜੁੜੇ ਰਹਿਣ ਦੀ ਪ੍ਰੇਰਣਾ ਦਿੱਤੀ। ਸਮਾਗਮ ਦੌਰਾਨ ਵਿਦਿਆਰਥੀਆਂ ਨੂੰ ਲੋਹੜੀ ਦੇ ਇਤਿਹਾਸ ਅਤੇ ਮਹੱਤਤਾ ਬਾਰੇ ਵੀ ਜਾਣੂ ਕਰਵਾਇਆ ਗਿਆ। ਦੱਸਿਆ ਗਿਆ ਕਿ ਲੋਹੜੀ ਪੰਜਾਬ ਦਾ ਇੱਕ ਪ੍ਰਾਚੀਨ ਲੋਕ ਤਿਉਹਾਰ ਹੈ, ਜੋ ਹਰ ਸਾਲ ਮਕਰ ਸੰਕਰਾਂਤੀ ਤੋਂ ਇੱਕ ਦਿਨ ਪਹਿਲਾਂ ਮਨਾਇਆ ਜਾਂਦਾ ਹੈ। ਇਹ ਤਿਉਹਾਰ ਸਰਦੀ ਦੇ ਮੌਸਮ ਦੇ ਅੰਤ ਅਤੇ ਨਵੇਂ ਫਸਲੀ ਚੱਕਰ ਦੀ ਸ਼ੁਰੂਆਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਤਿਹਾਸਕ ਤੌਰ 'ਤੇ ਲੋਹੜੀ ਨੂੰ ਕਿਸਾਨੀ ਤਿਉਹਾਰ ਵਜੋਂ ਮਨਾਇਆ ਜਾਂਦਾ ਰਿਹਾ ਹੈ। ਇਸ ਦਾ ਸਬੰਧ ਫਸਲਾਂ ਦੀ ਵਾਢੀ, ਖ਼ਾਸ ਕਰਕੇ ਗੰਨੇ ਅਤੇ ਰਬੀ ਦੀ ਫਸਲ ਨਾਲ ਜੋੜਿਆ ਜਾਂਦਾ ਹੈ। ਲੋਕ ਅੱਗ ਜਗਾ ਕੇ ਉਸ ਦੇ ਆਲੇ-ਦੁਆਲੇ ਘੁੰਮਦੇ ਹਨ ਅਤੇ ਰੇਵੜੀਆਂ, ਮੂੰਗਫਲੀਆਂ, ਗੱਜਕ ਆਦਿ ਅੱਗ ਨੂੰ ਅਰਪਿਤ ਕਰਦੇ ਹਨ, ਜੋ ਖੁਸ਼ਹਾਲੀ ਅਤੇ ਸ਼ੁਕਰਾਨੇ ਦਾ ਪ੍ਰਤੀਕ ਹਨ। ਲੋਹੜੀ ਨਾਲ ਜੁੜੀ ਲੋਕਕਥਾ ਦੁੱਲਾ ਭੱਟੀ ਨਾਲ ਵੀ ਸੰਬੰਧਿਤ ਹੈ, ਜੋ ਗਰੀਬ ਧੀਆਂ ਦੀ ਰੱਖਿਆ ਕਰਨ ਅਤੇ ਉਨ੍ਹਾਂ ਦੇ ਵਿਆਹ ਕਰਵਾਉਣ ਲਈ ਜਾਣਿਆ ਜਾਂਦਾ ਹੈ। ਇਸ ਕਰਕੇ ਲੋਹੜੀ ਨੂੰ ਧੀਆਂ ਨਾਲ ਜੋੜ ਕੇ ਵੀ ਖਾਸ ਤੌਰ 'ਤੇ ਮਨਾਇਆ ਜਾਂਦਾ ਹੈ। ਵਿਦਿਆਰਥੀਆਂ ਨੂੰ ਇਹ ਸੁਨੇਹਾ ਦਿੱਤਾ ਗਿਆ ਕਿ ਲੋਹੜੀ ਸਾਨੂੰ ਆਪਣੀ ਮਾਂ-ਬੋਲੀ, ਵਿਰਾਸਤ ਅਤੇ ਸਾਂਝੇ ਜੀਵਨ ਮੂਲਿਆਂ ਨਾਲ ਜੁੜੇ ਰਹਿਣ ਦੀ ਪ੍ਰੇਰਣਾ ਦਿੰਦੀ ਹੈ।ਵਿਦਿਆਰਥਣਾਂ ਵੱਲੋਂ ਗਿੱਧੇ, ਲੋਕਨ੍ਰਿਤ ਅਤੇ ਲੋਕਗੀਤਾਂ ਦੀ ਸੁੰਦਰ ਪੇਸ਼ਕਾਰੀ ਕੀਤੀ ਗਈ, ਜਿਸ ਨੇ ਸਾਰੇ ਦਰਸ਼ਕਾਂ ਦਾ ਮਨ ਮੋਹ ਲਿਆ। ਅਧਿਆਪਕਾਂ ਨੇ ਧੀਆਂ ਦੇ ਅਧਿਕਾਰਾਂ, ਸਿੱਖਿਆ ਅਤੇ ਸਸ਼ਕਤੀਕਰਨ ਬਾਰੇ ਵਿਚਾਰ ਸਾਂਝੇ ਕੀਤੇ।

ਪੰਜਾਬ ਨੈਸ਼ਨਲ ਬੈਂਕ

ਏਆਰਐਮਬੀ, ਐਸਸੀਓ 10-ਬੀ, ਬੀ-ਬਲਾਕ, ਰਣਜੀਤ ਐਵੀਨਿਊ, ਅੰਮ੍ਰਿਤਸਰ 143001

ਜਨਤਕ ਸੂਚਨਾ

ਇੰਡੀਅਨ ਐਕਸਪ੍ਰੈਸ ਵਿੱਚ ਮਿਤੀ 06-02-2026 ਨੂੰ ਜਾਇਦਾਦਾਂ ਦੀ ਵਿਕਰੀ ਸੰਬੰਧੀ ਮਿਤੀ 15-01-2026 ਨੂੰ ਪ੍ਰਕਾਸ਼ਿਤ ਈ-ਨਿਲਾਮੀ ਵਿਕਰੀ ਨੋਟਿਸ ਦੇ ਹਵਾਲੇ ਨਾਲ।ਲੜੀ ਨੰਬਰ (17) ਮੈਸ. ਐਗਰੀ ਕੇਅਰ 'ਤੇ ਖਾਤੇ ਦੀ ਵਿਕਰੀ ਨੂੰ ਕੁਝ ਤਕਨੀਕੀ ਮੁੱਦਿਆਂ ਕਾਰਨ ਰੱਦ ਮੰਨਿਆ ਜਾਵੇਗਾ। ਬਾਕੀ ਪ੍ਰਕਾਸ਼ਿਤ ਕੀਤੇ ਗਏ ਅਨੁਸਾਰ ਹੀ ਰਹੇਗਾ।

ਮਿਤੀ: 17-01-2026 ਅਧਿਕਾਰਤ ਅਧਿਕਾਰੀ

ਗੁਰਮਤਿ ਸਾਹਿਤ ਦੇ ਉਘੇ ਪ੍ਰਕਾਸ਼ਕ ਤੇ ਮਾਸਿਕ 'ਸਿੱਖ ਧਰਮ' ਦੇ ਸੰਪਾਦਕ ਸ੍ਰੀ ਰਜਿੰਦਰ ਸਿੰਘ ਦਾ ਅਕਾਲ ਚਲਾਣਾ, ਪੰਥਕ ਹਲਕਿਆਂ ਵਿੱਚ ਸੋਗ ਦੀ ਲਹਿਰ

ਅੰਮਿਤਸਰ, 18 ਜਨਵਰੀ (ਬਬਲੂ ਮਹਾਜਨ)ਪੰਥਕ ਹਲਕਿਆਂ ਵਿਚ ਇਹ ਖ਼ਬਰ ਬੜੇ ਹੀ ਦੁਖ ਨਾਲ ਪੜ੍ਹੀ ਜਾਵੇਗੀ ਕਿ ਗੁਰਮਤਿ ਸਾਹਿਤ ਦੇ ਉਘੇ ਪ੍ਰਕਾਸ਼ਕ, ਮਾਸਿਕ ਪੱਤਰ ਸਿੱਖ ਧਰਮ ਦੇ ਸੰਪਾਦਕ ਰਹੇ ਅਤੇ ਧਾਰਮਿਕ ਪੁਸਤਕਾਂ ਦੇ ਪ੍ਰਸਿੱਧ ਵਿਕਰੇਤਾ ਸਿੱਖ ਬੁਕ ਕੰਪਨੀ ਦੇ ਮਾਲਕ ਸ੍ਰ ਰਜਿੰਦਰ ਸਿੰਘ ਅੱਜ ਅਕਾਲ ਚਲਾਣਾ ਕਰ ਗਏ। ਉਹ 91 ਸਾਲ ਦੇ ਸਨ। ਸ੍ਰ ਰਜਿੰਦਰ ਸਿੰਘ ਪਿਛਲੇ ਕੁਝ ਸਮੇ ਤੋ ਬਿਮਾਰ ਚਲਦੇ ਆ ਰਹੇ ਸਨ।

ਉਨਾਂ ਦਾ ਅੰਤਮ ਸਸਕਾਰ ਸਥਾਨਕ ਸ਼ਮਸ਼ਾਨ ਘਾਟ ਨੇੜੇ ਗੁਰਦਵਾਰਾ ਬਾਬਾ ਦੀਪ ਸਿੰਘ ਵਿਖੇ ਸਿੱਖ ਪ੍ਰਪਰਾਵਾਂ ਅਨੁਸਾਰ ਕਰ ਦਿੱਤਾ ਗਿਆ।ਉਨਾਂ ਦੀ ਮ੍ਰਿਤਕ ਦੇਹ ਨੂੰ ਉਨਾਂ ਦੇ ਸਪੁੱਤਰ ਸਿੱਖ ਚਿੰਤਕ, ਉਘੇ ਵਿਦਵਾਨ ਡਾਕਟਰ ਦਵਿੰਦਰਪਾਲ ਸਿੰਘ ਨੇ ਅਗਨ ਭੇਟ ਕੀਤਾ। ਸ੍ਰ ਰਜਿੰਦਰ ਸਿੰਘ ਨੇ ਆਪਣੇ ਜੀਵਨ ਕਾਲ ਵਿਚ ਅਨੇਕਾ ਧਾਰਮਿਕ,

ਸਮਾਜਿਕ ਪੁਸਤਕਾਂ ਦੀ ਪ੍ਰਕਾ ?ਸਨਾ ਕਰਵਾਈ ਤੇ ਲੰਮਾਂ ਸਮਾਂ ਮਾਸਿਕ ਪੱਤਰ ਸਿੱਖ ਧਰਮ ਚਲਾਇਆ। ਦੇਸ਼ ਵਿਦੇਸ਼ ਵਿਚ ਮਕਬੂਲ ਰਹੇ ਮਾਸਿਕ ਪੱਤਰ ਸਿੱਖ ਧਰਮ ਰਾਹੀ ਉਨਾਂ ਗੁਰਮਤਿ ਪ੍ਰਚਾਰ ਦੀ ਨਿਵੇਕਲੀ ਛਾਪ ਛੱਡੀ।ਉਨਾਂ ਦੇ ਅਕਾਲ ਚਲਾਣੇ ਤੇ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਸ੍ਰ ਜਸਵਿੰਦਰ ਸਿੰਘ ਜੱਸੀ, ਸੂਚਨਾ ਅਧਿਕਾਰੀ ਸ੍ਰ ਅੰਮ੍ਰਿਤਪਾਲ ਸਿੰਘ, ਸਹਿ ਸੂਚਨਾ ਅਧਿਕਾਰੀ ਸ੍ਰ ਰਣਧੀਰ ਸਿੰਘ, ਸ੍ਰ ਜਤਿੰਦਰਪਾਲ ਸਿੰਘ, ਮਹੰਤ ਜਸਵਿੰਦਰ ਸਿੰਘ, ਪ੍ਰਸਿੱਧ ਪੁਸਤਕ ਪ੍ਰਕਾਸ਼ਕ ਭਾਈ ਚਤਰ ਸਿੰਘ ਜੀਵਨ ਸਿੰਘ ਵਲੋ ਸ੍ਰ ਹਰਭਜਨ ਸਿੰਘ, ਸ੍ਰ ਪ੍ਰਭਜੀਤ ਸਿੰਘ, ਸ੍ਰ ਹਰਨੀਤ ਸਿੰਘ, ਸਿੰਘ ਬ੍ਰਦਰਜ਼ ਵਲੋ ਸ੍ਰ ਗੁਰਸਾਗਰ ਸਿੰਘ, ਸ੍ਰ ਕੁਲਜੀਤ ਸਿੰਘ, ਸ੍ਰ ਨਰਿੰਦਰਪਾਲ ਸਿੰਘ ਪੁਸਤਕ ਵਿਕਰੇਤਾ, ਸਾਬਕਾ ਸੂਚਨਾ ਅਧਿਕਾਰੀ ਸ੍ਰ ਨਰਿੰਦਰਪਾਲ ਸਿੰਘ ਸਮੇਤ ਵਡੀ ਗਿਣਤੀ ਵਿਚ ਸ੍ਰ ਰਜਿੰਦਰ ਸਿੰਘ ਨਾਲ ਸਨੇਹ ਰਖਣ ਵਾਲੇ ਹਾਜਰ ਸਨ।

ਕਰਮਜੀਤ ਸਿੰਘ ਰਿੰਟੂ ਵੱਲੋਂ ਭਵਾਨੀ ਨਗਰ ਵਿੱਚ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ

ਅੰਮ੍ਰਿਤਸਰ, 18 ਜਨਵਰੀ (ਬਬਲੂ ਮਹਾਜਨ):ਇੰਪਰੂਵਮੈਂਟ ਟਰੱਸਟ ਅੰਮ੍ਰਿਤਸਰ ਦੇ ਚੇਅਰਮੈਨ ਅਤੇ ਉੱਤਰੀ ਵਿਧਾਨ ਸਭਾ ਹਲਕੇ ਦੇ ਆਮ ਆਦਮੀ ਪਾਰਟੀ ਇੰਚਾਰਜ ਕਰਮਜੀਤ ਸਿੰਘ ਰਿੰਟੂ ਨੇ ਵਾਰਡ ਨੰਬਰ 9 ਦੇ ਖੇਤਰ ਭਵਾਨੀ ਨਗਰ ਵਿੱਚ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਅਤੇ ਉਸਾਰੀ ਦੀ ਸ਼ੁਰੂਆਤ ਕੀਤੀ। ਰਿੰਟੂ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸਾਰੇ ਵਿਕਾਸ ਪ੍ਰੋਜੈਕਟ ਤੇਜ਼ੀ ਨਾਲ ਪੂਰੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਖੇਤਰ ਦੇ ਵਸਨੀਕਾਂ ਨੂੰ ਦਰਪੇਸ਼ ਸਮੱਸਿਆਵਾਂ ਹੁਣ ਹੱਲ ਹੋ ਜਾਣਗੀਆਂ। ਉਨ੍ਹਾਂ ਕਿਹਾ ਕਿ ਇਸ ਖੇਤਰ ਵਿੱਚ ਸੀਵਰੇਜ ਦੀ ਸਮੱਸਿਆ ਪਹਿਲਾਂ ਹੱਲ ਕੀਤੀ ਗਈ ਸੀ, ਅਤੇ ਹੁਣ ਗਲੀਆਂ ਦੀ ਉਸਾਰੀ ਸ਼ੁਰੂ ਹੋ ਗਈ ਹੈ। ਕਰਮਜੀਤ ਸਿੰਘ ਰਿੰਟੂ ਨੇ ਕਿਹਾ ਕਿ ਉੱਤਰੀ ਵਿਧਾਨ ਸਭਾ ਹਲਕੇ ਦੀਆਂ ਸਾਰੀਆਂ ਸੜਕਾਂ ਦੇ ਨਵੀਨੀਕਰਨ ਲਈ ਪਹਿਲਾਂ ਹੀ ਪ੍ਰਵਾਨਗੀ ਮਿਲ ਚੁੱਕੀ ਹੈ। ਉਨ੍ਹਾਂ ਕਿਹਾ ਕਿ ਖਰਾਬ ਹੋਈਆਂ ਸੜਕਾਂ ਦੀ ਮੁਰੰਮਤ ਪਹਿਲਾਂ ਹੀ ਕਰ ਦਿੱਤੀ ਗਈ

ਸੀ। ਹੁਣ, ਸਰਦੀਆਂ ਦਾ ਮੌਸਮ ਆਉਣ ਦੇ ਨਾਲ, ਸੜਕ ਨਿਰਮਾਣ ਲਈ ਪ੍ਰੀਮਿਕਸ ਪਲਾਂਟ ਬੰਦ ਹਨ। ਉਨ੍ਹਾਂ ਕਿਹਾ ਕਿ ਫਰਵਰੀ ਦੇ ਅੰਤ ਵਿੱਚ ਪ੍ਰੀਮਿਕਸ ਪਲਾਂਟ ਸ਼ੁਰੂ ਹੋਣ ਤੋਂ ਬਾਅਦ ਬਾਕੀ ਸੜਕਾਂ 'ਤੇ ਕੰਮ ਸ਼ੁਰੂ ਹੋ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਉਹ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਹੱਲ ਲੱਭਣ ਲਈ ਰੋਜ਼ਾਨਾ ਉਨ੍ਹਾਂ ਨੂੰ ਮਿਲ ਰਹੇ ਹਨ। ਕਰਮਜੀਤ ਸਿੰਘ ਰਿੰਟੂ ਨੇ ਕਿਹਾ ਕਿ ਉੱਤਰੀ ਵਿਧਾਨ ਸਭਾ ਹਲਕੇ ਦੀ ਜ਼ਿੰਮੇਵਾਰੀ ਸੰਭਾਲਣ ਤੋਂ ਬਾਅਦ, ਉੱਤਰੀ ਵਿਧਾਨ ਸਭਾ ਹਲਕੇ ਵਿੱਚ ਹਰ ਤਰ੍ਹਾਂ ਦੇ ਵਿਕਾਸ ਕਾਰਜ ਚੱਲ ਰਹੇ ਹਨ।ਉਨ੍ਹਾਂ ਕਿਹਾ ਕਿ ਵਿਕਾਸ ਪ੍ਰੋਜੈਕਟਾਂ ਲਈ ਪੰਜਾਬ ਸਰਕਾਰ ਵੱਲੋਂ ਫੰਡਾਂ ਦੀ ਕੋਈ ਕਮੀ ਨਹੀਂ ਆਈ ਹੈ। ਉਨ੍ਹਾਂ ਅੱਗੇ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਸਰਕਾਰ ਦੀਆਂ ਲਾਭਦਾਇਕ ਯੋਜਨਾਵਾਂ ਨੂੰ ਲੋਕਾਂ ਤੱਕ ਪਹੁੰਚਾ ਰਹੀ ਹੈ। ਨਤੀਜੇ ਵਜੋਂ, ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਲੋਕ ਰੋਜ਼ਾਨਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਇਸ ਮੌਕੇ ਆਮ ਆਦਮੀ ਪਾਰਟੀ ਦੇ ਵਾਰਡ ਇੰਚਾਰਜ ਸ਼ਿਵਾਨੀ ਅਤੇ ਸਾਹਿਲ ਸਾਗਰ ਦੇ ਨਾਲ-ਨਾਲ ਵਾਰਡ ਦੇ ਵੱਡੀ ਗਿਣਤੀ ਵਿੱਚ ਪ੍ਰਮੁੱਖ ਲੋਕ ਮੌਜੂਦ ਸਨ।

'ਆਪ੍ਰੇਸ਼ਨ' ਸਿੰਦੂਰ ਵਿੱਚ ਜਵਾਨਾਂ ਦੀ ਮੱਦਦ ਕਰਨ ਵਾਲੇ ਸਰਪੰਚ ਨੂੰ ਕੀਤਾ ਗਿਆ ਸਸਪੈਂਡ

ਅੰਮ੍ਰਿਤਸਰ, 18 ਜਨਵਰੀ (ਗੁਰਦਿਆਲ ਸਿੰਘ): ਸਾਂਸਦ ਗੁਰਜੀਤ ਸਿੰਘ ਔਜਲਾ ਨੇ ਅੱਜ ਅਟਾਰੀ ਦੇ ਸਰਪੰਚ ਹਰਪ੍ਰੀਤ ਸਿੰਘ ਨੂੰ ਸਸਪੈਂਡ ਕਰਨ ਦੀ ਸਖ਼ਤ ਨਿੰਦਾ ਕਰਦਿਆਂ ਭ੍ਰਿਸ਼ਟ ਅਫ਼ਸਰਾਂ 'ਤੇ ਨਿਸ਼ਾਨਾ ਸਾਧਿਆ। ਹਰਪ੍ਰੀਤ ਸਿੰਘ ਉਹ ਸਰਪੰਚ ਹਨ, ਜਿਨ੍ਹਾਂ ਨੇ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ 'ਆਪ੍ਰੇਸ਼ਨ ਸਿੰਦੂਰ' ਦੌਰਾਨ ਜਵਾਨਾਂ ਦੀ ਸੇਵਾ ਕੀਤੀ ਸੀ ਅਤੇ ਬੀ.ਐਸ.ਐਫ. (BSF) ਵੱਲੋਂ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਗਿਆ ਸੀ। ਅੱਜ ਪੂਰੀ ਪੰਚਾਇਤ ਸਮੇਤ ਸਰਕਾਰ ਨੂੰ ਘੇਰਦਿਆਂ ਸਾਂਸਦ ਔਜਲਾ ਨੇ ਕਿਹਾ ਕਿ ਪਿਛਲੇ ਦਿਨੀਂ ਬਿਨਾਂ ਕਿਸੇ ਕਾਰਨ ਹਰਪ੍ਰੀਤ ਸਿੰਘ ਨੂੰ ਸਸਪੈਂਡ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਇੱਕ ਪਾਸੇ ਮੁੱਖ ਮੰਤਰੀ ਲੋਕਤੰਤਰ ਦੀਆਂ ਗੱਲਾਂ ਕਰਦੇ ਹਨ ਅਤੇ ਦੂਜੇ ਪਾਸੇ ਕੰਮ ਕਰਨ ਵਾਲੇ ਇਮਾਨਦਾਰ ਇਨਸਾਨ ਨੂੰ ਸਜ਼ਾ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖ ਯੋਧੇ ਸ਼ਾਮ ਸਿੰਘ ਅਟਾਰੀ ਦੇ ਪਿੰਡ ਦੇ ਸਰਪੰਚ ਹਰਪ੍ਰੀਤ ਸਿੰਘ ਨੂੰ ਲੋਕਾਂ ਨੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਜਿਤਾਇਆ ਸੀ ਅਤੇ ਮੌਜੂਦਾ ਸਰਕਾਰ ਦਾ ਉਮੀਦਵਾਰ ਇਸ ਪਿੰਡ ਤੋਂ ਹਾਰ ਗਿਆ ਸੀ। ਹਰਪ੍ਰੀਤ ਸਿੰਘ ਨਾ ਸਿਰਫ਼ ਆਪਣੀ ਲੋਕਪ੍ਰਿਯਤਾ ਕਾਰਨ ਜਿੱਤੇ ਸਨ, ਸਗੋਂ ਉਨ੍ਹਾਂ ਦੇ ਕੰਮ ਵੀ ਲੋਕਾਂ ਨੂੰ ਪਸੰਦ ਆਉਂਦੇ ਹਨ। ਉਨ੍ਹਾਂ ਦੱਸਿਆ ਕਿ ਹਰਪ੍ਰੀਤ ਸਿੰਘ ਦੇ ਵਿਕਾਸ ਕਾਰਜਾਂ ਨੂੰ ਦੇਖਣ ਲਈ ਆਲੇ-ਦੁਆਲੇ ਦੇ ਪਿੰਡਾਂ ਦੇ ਸਰਪੰਚ ਵੀ ਆਉਂਦੇ ਹਨ। ਔਜਲਾ ਨੇ ਦੋਸ਼ ਲਾਇਆ ਕਿ ਇੱਥੋਂ ਦੇ ਵਿਧਾਇਕ ਅਤੇ ਮੌਜੂਦਾ ਆਗੂ ਉਨ੍ਹਾਂ 'ਤੇ ਦਬਾਅ ਬਣਾ ਰਹੇ ਹਨ ਕਿ ਜਾਂ ਤਾਂ ਉਹ ਉਨ੍ਹਾਂ ਦੇ ਨਾਲ ਆਉਣ, ਨਹੀਂ ਤਾਂ ਉਨ੍ਹਾਂ ਨੂੰ ਕੰਮ ਨਹੀਂ ਕਰਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਪਿੰਡ ਨੂੰ ਸੂਬਾ ਸਰਕਾਰ ਵੱਲੋਂ ਇੱਕ ਰੁਪਏ ਦੀ ਵੀ ਗ੍ਰਾਂਟ ਨਹੀਂ ਦਿੱਤੀ ਗਈ, ਸਿਰਫ਼ ਕੇਂਦਰ ਦੀਆਂ ਗ੍ਰਾਂਟਾਂ ਨਾਲ ਕੰਮ ਚੱਲ ਰਿਹਾ ਹੈ। ਡੀ.ਡੀ.ਪੀ.ਓ. (DDPO) 'ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ ਕਿਹਾ ਕਿ ਉਹ ਕਦੋਂ ਤੱਕ ਕਿਸ ਪਾਰਟੀ ਦੇ ਅਧੀਨ ਕੰਮ ਕਰਨਗੇ? ਸੰਵਿਧਾਨ ਮੁਤਾਬਕ ਉਨ੍ਹਾਂ ਨੂੰ ਇਹ ਅਹੁਦਾ ਇਸ ਲਈ ਦਿੱਤਾ ਗਿਆ ਹੈ ਤਾਂ ਜੋ ਉਹ ਸਰਪੰਚਾਂ ਨੂੰ ਮੁਸ਼ਕਿਲਾਂ ਨਾ ਆਉਣ ਦੇਣ। ਉਨ੍ਹਾਂ ਕਿਹਾ ਕਿ ਬਹੁਮਤ ਸਰਪੰਚ ਦੇ ਕੋਲ ਹੈ, ਫਿਰ ਵੀ ਝੂਠੇ ਮਾਮਲੇ ਤਹਿਤ ਉਨ੍ਹਾਂ ਨੂੰ ਮੁਅੱਤਲ ਕੀਤਾ ਗਿਆ। ਉਨ੍ਹਾਂ ਚੁਣੌਤੀ ਦਿੱਤੀ ਕਿ ਇੱਕ ਪੈਸੇ ਦੀ ਵੀ ਗੜਬੜੀ ਨਹੀਂ ਹੋਈ, ਭਾਵੇਂ ਕੋਈ ਵੀ ਇਨਕੁਆਰੀ ਕਰਵਾ ਲਈ ਜਾਵੇ। ਪ੍ਰਸ਼ਾਸਨ ਨੇ ਇਸ ਗੱਲ ਦੀ ਵੀ ਪਰਵਾਹ ਨਹੀਂ ਕੀਤੀ ਕਿ ਇਨ੍ਹਾਂ ਲੋਕਾਂ ਨੇ ਸਰਹੱਦ 'ਤੇ ਬੈਠ ਕੇ ਫ਼ੌਜ ਨਾਲ ਜੰਗ ਵਰਗੇ ਹਾਲਾਤ ਝੱਲੇ ਹਨ, ਜਿਨ੍ਹਾਂ ਦੀ ਬਹਾਦਰੀ ਕਾਰਨ ਸ਼ਹਿਰਾਂ ਦੇ ਲੋਕ ਸੁਰੱਖਿਅਤ ਰਹੇ। ਸਾਂਸਦ ਨੇ ਕਿਹਾ ਕਿ ਬਹਾਨਾ ਬਣਾ ਕੇ ਲੋਕਤੰਤਰ ਨਾਲ ਜੁੜੇ ਸਰਪੰਚ ਨੂੰ ਸਸਪੈਂਡ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਨੇ ਖ਼ੁਦ ਡੀ.ਡੀ.ਪੀ.ਓ. ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਹ ਮਾਮਲਾ ਦੇਖਣਗੇ। ਪਰ ਬਾਅਦ ਵਿੱਚ ਕਿਹਾ ਗਿਆ ਕਿ ਸਰਪੰਚ ਨੇ ਚਿੱਠੀ ਰਿਸੀਵ ਨਹੀਂ ਕੀਤੀ, ਜਦਕਿ ਸਾਰੇ ਮਤੇ ਸੈਕਟਰੀ ਵੱਲੋਂ ਪਾਏ ਗਏ ਸਨ ਅਤੇ ਸਾਰਾ ਰਿਕਾਰਡ ਉਨ੍ਹਾਂ ਕੋਲ ਮੌਜੂਦ ਹੈ। ਔਜਲਾ ਨੇ ਚਿਤਾਵਨੀ ਦਿੱਤੀ ਕਿ ਉਹ ਪਿੱਛੇ ਨਹੀਂ ਹਟਣਗੇ ਅਤੇ ਡੀ.ਡੀ.ਪੀ.ਓ., ਸੈਕਟਰੀ ਅਤੇ ਬੀ.ਡੀ.ਪੀ.ਓ. ਨੂੰ ਪਾਰਟੀ ਬਣਾ ਕੇ ਅਦਾਲਤ ਵਿੱਚ ਮਾਮਲਾ ਦਰਜ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਭ੍ਰਿਸ਼ਟ ਅਫ਼ਸਰਾਂ ਕਾਰਨ ਹੀ ਵਿਕਾਸ ਰੁਕਦਾ ਹੈ ਅਤੇ ਉਹ ਅਫ਼ਸਰਾਂ ਨੂੰ ਪਾਰਟੀਬਾਜ਼ੀ ਤੋਂ ਦੂਰ ਰਹਿਣ ਦੀ ਚਿਤਾਵਨੀ ਦਿੰਦੇ ਹਨ ਕਿਉਂਕਿ ਕਾਨੂੰਨ ਸਭ ਤੋਂ ਉੱਪਰ ਹੈ।

ਆਪ ਸਰਕਾਰ ਸਦਕਾ ਪਿੰਡ ਗੁਮਟਾਲਾ ਵਿੱਚ 70 ਸਾਲਾਂ 'ਚ ਪਹਿਲੀ ਵਾਰ ਪਹੁੰਚੇਗਾ ਪੀਣ ਵਾਲਾ ਸਰਕਾਰੀ ਪਾਣੀ

ਅੰਮ੍ਰਿਤਸਰ, 18 ਜਨਵਰੀ (ਬਬਲੂ ਮਹਾਜਨ) ਆਮ ਆਦਮੀ ਪਾਰਟੀ ਦੇ ਅੰਮ੍ਰਿਤਸਰ ਪੱਛਮੀ ਹਲਕੇ ਤੋਂ ਵਿਧਾਇਕ ਡਾ.ਜਸਬੀਰ ਸਿੰਘ ਸੰਧੂ ਅਤੇ ਨਗਰ ਨਿਗਮ ਅੰਮ੍ਰਿਤਸਰ ਦੇ ਮੇਅਰ ਜਤਿੰਦਰ ਸਿੰਘ ਭਾਟੀਆ ਵੱਲੋਂ ਵਾਰਡ ਨੰਬਰ 2 ਅਧੀਨ ਪੈਂਦੇ ਪਿੰਡ ਗੁਮਟਾਲਾ ਵਿੱਚ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਪਾਉਣ ਦੇ ਕੰਮ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਵਾਰਡ ਕੌਂਸਲਰ ਅਮਰਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ। ਇਸ ਮੌਕੇ ਵਿਧਾਇਕ ਡਾ. ਜਸਬੀਰ ਸਿੰਘ ਸੰਧੂ ਨੇ ਕਿਹਾ ਕਿ ਭਾਰਤ ਨੂੰ ਆਜ਼ਾਦ ਹੋਏ 70 ਸਾਲ ਹੋ ਗਏ ਹਨ ਪਰ ਪਿੰਡ ਗੁਮਟਾਲਾ ਵਰਗਾ ਇਲਾਕਾ ਅਜੇ ਤੱਕ ਸਰਕਾਰੀ ਪੀਣ ਵਾਲੇ ਪਾਣੀ ਦੀ ਸਹੂਲਤ ਤੋਂ ਵਾਂਝਾ ਰਿਹਾ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਕਦੇ ਵੀ ਇਸ ਬੁਨਿਆਦੀ ਮੁੱਦੇ ਵੱਲ ਧਿਆਨ ਨਹੀਂ ਦਿੱਤਾ ਪਰ ਆਪ ਸਰਕਾਰ ਨੇ ਸੱਤਾ ਵਿੱਚ ਆਉਂਦੇ ਹੀ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਨੂੰ ਤਰਜੀਹ ਦਿੱਤੀ ਹੈ। ਉਨ੍ਹਾਂ ਦੱਸਿਆ ਕਿ 70 ਸਾਲਾਂ ਬਾਅਦ ਪਹਿਲੀ ਵਾਰ ਪਿੰਡ ਵਿੱਚ ਪਾਣੀ ਦੀਆਂ ਪਾਈਪਾਂ ਪਾਈਆਂ ਗਈਆਂ ਹਨ ਅਤੇ ਜਲਦ ਹੀ ਇਨ੍ਹਾਂ ਨੂੰ ਟਿਊਬਵੈਲ ਨਾਲ ਜੋੜ ਕੇ ਸਰਕਾਰੀ ਪਾਣੀ ਦੀ ਸਪਲਾਈ ਸ਼ੁਰੂ ਕਰ ਦਿੱਤੀ ਜਾਵੇਗੀ। ਮੇਅਰ ਜਤਿੰਦਰ ਸਿੰਘ ਭਾਟੀਆ ਨੇ ਕਿਹਾ ਕਿ ਪਿੰਡ ਗੁਮਟਾਲਾ ਦੇ ਲੋਕਾਂ ਦੀ ਇਹ ਬਹੁਤ ਪੁਰਾਣੀ ਮੰਗ ਸੀ, ਜਿਸਨੂੰ ਹੁਣ ਆਪ ਸਰਕਾਰ ਨੇ ਪੂਰਾ ਕਰਕੇ ਇਤਿਹਾਸਕ ਕਦਮ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਸਾਫ਼ ਤੇ ਸ਼ੁੱਧ ਪੀਣ ਵਾਲਾ ਪਾਣੀ ਹਰ ਨਾਗਰਿਕ ਦਾ ਅਧਿਕਾਰ ਹੈ ਅਤੇ ਨਗਰ ਨਿਗਮ ਵੱਲੋਂ ਇਸ ਪ੍ਰਾਜੈਕਟ ਨੂੰ ਨਿਰਧਾਰਿਤ ਸਮੇਂ ਅੰਦਰ ਪੂਰਾ ਕਰਨ ਲਈ ਪੂਰੀ ਗੰਭੀਰਤਾ ਨਾਲ ਕੰਮ ਕੀਤਾ ਜਾ ਰਿਹਾ ਹੈ। ਟਿਊਬਵੈਲ ਨਾਲ ਜੋੜਨ ਤੋਂ ਬਾਅਦ ਪਿੰਡ ਦੇ ਹਰ ਘਰ ਤੱਕ ਨਿਯਮਿਤ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾਵੇਗੀ। ਅੰਤ ਵਿੱਚ ਵਿਧਾਇਕ ਡਾ.ਜਸਬੀਰ ਸਿੰਘ ਸੰਧੂ ਨੇ ਕਿਹਾ ਕਿ ਆਪ ਸਰਕਾਰ ਦਾ ਮੁੱਖ ਮਕਸਦ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਉਨ੍ਹਾਂ ਦੇ ਦਰਵਾਜ਼ੇ ਤੱਕ ਪਹੁੰਚਾਉਣਾ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਪੱਛਮੀ ਹਲਕੇ ਦੇ ਹਰ ਵਾਰਡ ਅਤੇ ਪਿੰਡ ਵਿੱਚ ਵਿਕਾਸ ਕਾਰਜ ਤੇਜ਼ੀ ਨਾਲ ਕਰਵਾਏ ਜਾ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਪਾਣੀ, ਸੜਕਾਂ, ਸਿਵਰੇਜ ਅਤੇ ਸਫ਼ਾਈ ਵਰਗੇ ਮਸਲਿਆਂ ਨੂੰ ਹੋਰ ਵੀ ਪ੍ਰਾਥਮਿਕਤਾ ਦਿੱਤੀ ਜਾਵੇਗੀ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਆਪ ਸਰਕਾਰ ਲੋਕਾਂ ਨਾਲ ਕੀਤਾ ਹਰ ਵਾਅਦਾ ਪੂਰੀ ਇਮਾਨਦਾਰੀ ਨਾਲ ਪੂਰਾ ਕਰੇਗੀ। ਇਸ ਮੌਕੇ ਮੇਰੇ ਨਾਲ ਹਲਕਾ ਪੱਛਮੀ ਦੇ ਸੰਗਠਨ ਇੰਚਾਰਜ ਹਰਪ੍ਰੀਤ ਸਿੰਘ ਬੇਦੀ ,ਬਲਾਕ ਪ੍ਰਧਾਨ ਜਨਕ ਰਾਜ ਜੋਸ਼ੀ ,ਤਰਸੇਮ ਕਲਿਆਣ ,ਲਾਡੀ ਸਹੋਤਾ ,ਪੀ ਏ ਮਾਧਵ ਸ਼ਰਮਾ ਆਦਿ ਹਾਜ਼ਰ ਸਨ ।

ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ

GRIHUM HOUSING FINANCE — Apna Ghar. Apni Pehchan.

ਰਜਿ. ਦਫ਼ਤਰ: 6ਵੀਂ ਮੰਜ਼ਿਲ, ਬੀ- ਬਿਲਡਿੰਗ, ਗੰਗਾ ਟਰੂਨੋ ਬਿਜ਼ਨਸ ਪਾਰਕ, ਲੋਹੇਗਾਉਂ, ਪੁਣੇ , ਮਹਾਰਾਸ਼ਟਰਾ -411014
ਸ਼ਾਖਾ ਦਫਤਰ ਯੂਨਿਟ : ਐਸਸੀਓ 134, ਜ਼ਮੀਨੀ ਤਲ, ਛੋਟੀ ਬਾਰਾਦਰੀ, ਪਟਿਆਲਾ, ਪੰਜਾਬ-147001

ਈ-ਨਿਲਾਮੀ - ਵਿਕਰੀ ਸੂਚਨਾ

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (''ਕਾਨੂੰਨ'') ਦੇ ਅਧੀਨ ਅਚੱਲ ਅਸਾਸਿਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਸੂਚਨਾ

ਆਮ ਕਰਕੇ ਜਨਤਾ ਨੂੰ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ/ਸਹਿ-ਕਰਜ਼ਦਾਰ/ਗਿਰਵੀਕਾਰ (ਾਂ) /ਜ਼ਾਮਨ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ **ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ** (ਇਥੇ ਬਾਅਦ ਵਿਚ ਕਾਨੂੰਨ ਦੇ ਅਨੁਸਾਰ ''ਸੁਰੱਖਿਅਤ ਕਰਜ਼ਦਾਤਾ'' ਵਜੋਂ ਸੰਦਰਭਿਤ) ਕੋਲ ਗਿਰਵੀ ਨਿਮਨ ਦਰਸਾਈਆਂ ਅਚੱਲ ਸੰਪੱਤੀਆਂ, ਜਿਨ੍ਹਾਂ ਦਾ ਕਬਜ਼ਾ ਕਾਨੂੰਨ ਦੀ ਧਾਰਾ 13 (2) ਦੇ ਅਧੀਨ ਸੂਚਨਾ ਦੀ ਨਿਰੰਤਰਤਾ ਵਿਚ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ।
ਸੁਰੱਖਿਅਤ ਅਸਾਸਿਆਂ ਦੀ ਵਿਕਰੀ ਈ-ਨਿਲਾਮੀ ਰਾਹੀਂ **19.02.2026 ਨੂੰ ''ਜਿਵੇਂ ਹੈ ਜਿਥੇ ਹੈ'', ''ਜਿਵੇਂ ਹੈ ਜੋ ਹੈ'' ਅਤੇ ''ਜੋ ਵੀ ਉਥੇ ਹੈ'' ਅਧਾਰ** 'ਤੇ ਕੀਤੀ ਜਾਵੇਗੀ। ਆਮ ਜਨਤਾ ਨੂੰ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਅਸੀਂ ਵੈਬਸਾਈਟ : **https://www.bankeauctions.com** 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ ਜਨਤਕ ਨਿਲਾਮੀ ਦਾ ਆਯੋਜਨ ਕਰਨ ਜਾ ਰਹੇ ਹਾਂ। ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ ਜੀਐਚਐਫਐਲ/ਸੁਰੱਖਿਅਤ ਕਰਜ਼ਦਾਤਾ ਦੀ ਵੈਬਸਾਈਟ ਭਾਵ **www.grihumhousing.com** ਵਿਚ ਵਿਵਸਥਿਤ ਲਿੰਕ ਦਾ ਹਵਾਲਾ ਲਓ।

ਪ੍ਰਸਤਾਵ ਨੰ. ਗ੍ਰਾਹਕ ਦਾ ਨਾਮ (ੳ)	ਮੰਗ ਸੂਚਨਾ ਦੀ ਮਿਤੀ ਅਤੇ ਬਕਾਇਆ ਰਕਮ (ਅ)	ਕਬਜ਼ੇ ਦੀ ਕਿਸਮ (ੲ)	ਸੰਪੱਤੀ ਦਾ ਵੇਰਵਾ (ਸ)	ਰਾਖਵੀਂ ਕੀਮਤ (ਹ)	ਜਮ੍ਹਾਂ ਬਿਆਨਾ (ਆਰਪੀ ਦਾ 10%) (ਕ)	ਜਮ੍ਹਾਂ ਬਿਆਨਾ ਜਮ੍ਹਾਂ ਕਰਵਾਉਣ ਦੀ ਮਿਤੀ (ਖ)	ਬੋਲੀ ਵਾਧਾ ਰਕਮ (ਗ)	ਸੰਪੱਤੀ ਜਾਂਚ ਦੀ ਮਿਤੀ ਅਤੇ ਸਮਾਂ (ਘ)	ਨਿਲਾਮੀ ਦੀ ਮਿਤੀ ਅਤੇ ਸਮਾਂ (ਙ)	ਜਾਣੂੰ ਦੇਣਦਾਰੀਆ/ਕੋਰਟ ਕੇਸ ਜੇਕਰ ਕੋਈ ਹੈ (ਚ)
LOAN NO. HF0042H21100190 ਕੋਮਲ (ਕਰਜ਼ਦਾਰ) ਕੰਚਨ (ਸਹਿ ਕਰਜ਼ਦਾਰ)	ਨੋਟਿਸ ਮਿਤੀ: 10-09-2025 ਕੁੱਲ ਬਕਾਇਆ: ਰੁਪਏ 1030963.00/- (ਰੁਪਏ ਦਸ ਲੱਖ ਤੀਹ ਹਜ਼ਾਰ ਨੌ ਸੌ ਤਰੇਂਹਠ ਕੇਵਲ) ਪੂਰਤੀ ਹੋਣ ਤੱਕ 11.4% ਸਲਾਨਾ ਦੀ ਦਰ 'ਤੇ ਵਿਆਜ ਸਮੇਤ 10-09-2025 ਨੂੰ ਭੁਗਤਾਨਯੋਗ।	ਭੌਤਿਕ	ਰਿਹਾਇਸ਼ੀ ਜਾਇਦਾਦ ਦਾ ਸਾਰੇ ਭਾਗ ਅਤੇ ਹਿੱਸੇ ਭਾਵ ਮਕਾਨ ਨੰਬਰ 46, ਪਿੰਡ ਅਰਾਈਆਂ ਮਾਜਰਾ ਸਨੌਰ ਰੋਡ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਵਿਖੇ ਸਥਿਤ, ਸਾਲ 1999-2000 ਲਈ ਫਰਦ ਜਮ੍ਹਾਂਬੰਦੀ ਦੇ ਅਨੁਸਾਰ, ਖੇਵਟ/ਖਟੋਨੀ ਨੰਬਰ 9/51, ਖਸਰਾ ਨੰਬਰ 21//2(8-0) ਕਿਤੇ ਵਿੱਚ ਸ਼ਾਮਲ ਜਾਇਦਾਦ ਕੁੱਲ ਖੇਤਰਫਲ 9 ਕਨਾਲ-18 ਮਰਲੇ ਮਾਪ ਹੈ ਜਿਸ ਵਿੱਚੋਂ ਖੇਤਰਫਲ 0 ਕੇ ਹੈ-2.1/4 ਮਰਲੇ ਮਾਪ ਭਾਵ 62.22 ਵਰਗ ਗਜ਼, ਜਿਸਦੀ ਹੱਦ ਇਸ ਪ੍ਰਕਾਰ ਹੈ: ਪੂਰਬ: ਖਾਲੀ ਪਲਾਟ ਭੋਲਾ ਸਾਈਡ 28' ਪੱਛਮ: ਸੜਕ ਸਾਈਡ 28' ਉੱਤਰ:- ਮਕਾਨ ਨੰ. 45 ਆਸ਼ਾ ਗੋਇਲ ਸਾਈਡ 20' ਦੱਖਣ: ਮਕਾਨ ਨੰਬਰ 47 ਸਾਈਡ 20'	Rs. 1010000.00/- (ਰੁ. ਦਸ ਲੱਖ ਦਸ ਹਜ਼ਾਰ ਕੇਵਲ)	Rs. 101000.00/ (ਰੁ. ਇਕ ਲੱਖ ਇਕ ਹਜ਼ਾਰ ਕੇਵਲ)	18-02-2026 Before 5 PM	10,000/-	16-02-2026 (11 AM 4 PM)	19-02-2026 (11 AM 2 PM)	ਨਿਲ

ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੁਰੱਖਿਅਤ ਕਰਜ਼ਦਾਤਾ ਸ਼ਾਖਾ ਅਤੇ ਨਿਲਾਮੀ 'ਤੇ ਰੱਖੀਆਂ ਸੰਪੱਤੀਆਂ ਦੇਖਣ ਅਤੇ ਆਪਣੀ ਪੁਛਗਿੱਛ ਖੁਦ ਕਰ ਲੈਣ ਅਤੇ ਵਾਧੂ ਫੀਸਾਂ, ਦੇਣਦਾਰੀਆਂ ਅਤੇ ਕਿਸੇ ਵੀ ਤੀਜੀ ਧਿਰ ਦੇ ਹਿੱਤਾਂ ਨੂੰ ਯਕੀਨੀ ਬਣਾ ਲੈਣ ਅਤੇ ਬੋਲੀਆਂ ਪੇਸ਼ ਕਰਨ ਤੋਂ ਪਹਿਲਾਂ ਹਰ ਪੱਖ ਤੋਂ ਆਪਣੀ ਤਸੱਲੀ ਕਰ ਲੈਣ। ਸਾਰੇ ਵਿਧਾਨਿਕ ਬਕਾਏ ਜਿਵੇਂ ਕਿ ਸੰਪੱਤੀ ਕਰ, ਬਿਜਲੀ/ਪਾਣੀ ਦੇ ਬਕਾਏ ਅਤੇ ਕੋਈ ਵੀ ਹੋਰ ਬਕਾਏ, ਜੇਕਰ ਕੋਈ ਹੈ, ਸੰਪੱਤੀ ਨਾਲ ਅਟੈਚ ਉਨ੍ਹਾਂ ਦਾ ਵੇਰਵਾ ਲੈਣ ਅਤੇ ਸਫਲ ਬੋਲੀਕਾਰ ਵੱਲੋਂ ਭੁਗਤਾਨ ਕੀਤਾ ਜਾਵੇ। ਇੱਛੁਕ ਬੋਲੀਕਾਰਾਂ ਨੂੰ ਪੋਰਟਲ ਨਾਲ ਖੁਦ ਨੂੰ ਪੰਜੀਕ੍ਰਿਤ ਕਰਨ ਅਤੇ ਨਿਲਾਮੀ ਸਰਵਿਸ ਪ੍ਰੋਵਾਈਡਰ ਸੀਵਨ ਇੰਡੀਆ ਪ੍ਰਾ.ਲਿਮ. ਤੋਂ ਅਗਾਊਂ ਤੌਰ 'ਤੇ ਲਾਗਇਨ ਆਈਡੀ ਅਤੇ ਪਾਸਵਰਡ ਹਾਸਲ ਕਰਨ ਦੀ ਲੋੜ ਹੈ, ਜੋ ਕਿ ਈ-ਬੋਲੀ ਲਈ ਲਾਜ਼ਮੀ ਹੈ। ਪਤਾ- ਪਲਾਟ ਨੰ. 68, ਤੀਜੀ ਮੰਜ਼ਿਲ ਗੁੜਗਾਓਂ ਹਰਿਆਣਾ-122003, ਹੈਲਪਲਾਈਨ ਨੰ. -7291981124, 25, 26 ਸਹਾਇਤਾ ਈਮੇਲ ਆਈਡੀ- Support@bankeauctions.com. ਸੰਪਰਕ ਵਿਅਕਤੀ - ਵਿਨੋਦ ਚੌਹਾਨ, ਈਮੇਲ ਆਈਡੀ- delhi@c1india.com ਸੰਪਰਕ ਨੰ. - 9813887931 ਕਿਰਪਾ ਕਰਕੇ ਨੋਟ ਕਰੋ ਕਿ ਇੱਛੁਕ ਬੋਲੀਕਾਰ ਕੇਵਲ ਉਨ੍ਹਾਂ ਤੋਂ ਹੀ ਈ-ਨਿਲਾਮੀ 'ਤੇ ਆਨਲਾਈਨ ਸਿਖਲਾਈ ਹਾਸਲ ਕਰ ਸਕਦੇ ਹਨ। ਇੱਛੁਕ ਖਰੀਦਦਾਰ/ਬੋਲੀਕਾਰ ਨੂੰ 30.01.2026 ਨੂੰ ਜਾਂ ਪਹਿਲਾਂ ਕਿਸੇ ਵੀ ਕੌਮੀਕ੍ਰਿਤ ਜਾਂ ਸੂਚੀਬਧ ਬੈਂਕ 'ਤੇ ਜਾਰੀ ''ਗਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ-ਨਿਲਾਮੀ ਪ੍ਰਕਿਰਿਆ ਖਾਤਾ, ਬੈਂਕ-ਆਈਸੀਆਈਸੀਆਈ ਬੈਂਕ ਲਿਮ, ਖਾਤਾ ਨੰ. 091551000028 ਅਤੇ ਆਈਐਫਐਸਸੀ ਕੋਡ-ਆਈਸੀਆਈਸੀ0000915, ਆਈਸੀਆਈਸੀਆਈ ਬੈਂਕ ਲਿਮ., ਪੰਚਸ਼ੀਲ ਟੈਕ ਪਾਰਕ, ਨੇੜੇ ਗਣਪਤੀ ਚੌਕ, 43/44 ਵਿਮਾਨ ਨਗਰ, 411014 ਦੇ ਖਾਤੇ ਵਿਚ ਐਨਈਐਫਟੀ/ਆਰਟੀਜੀਐਸ/ਡੀਡੀ ਦੇ ਮਾਧਿਅਮ ਦੁਆਰਾ ਬਿਆਨਾ ਰਕਮ ਜਮ੍ਹਾਂ (ਈਐਮਡੀ) ਦੀ ਰਾਸ਼ੀ ਜਮ੍ਹਾਂ ਕਰਨੀ ਹੋਵੇਗੀ ਅਤੇ ਆਪਣਾ ਨਾਮ https://www.bankeauctions.com 'ਤੇ ਪੰਜੀਕ੍ਰਿਤ ਕਰਨਾ ਹੋਵੇਗਾ ਅਤੇ ਮੁਫਤ ਵਿਚ ਯੂਜ਼ਰ ਆਈਡੀ ਅਤੇ ਪਾਸਵਰਡ ਹਾਸਲ ਕਰਨੇ ਹੋਣੇਗੇ ਅਤੇ ਸਰਵਿਸ ਪ੍ਰੋਵਾਈਡਰ ਤੋਂ ਈ-ਨਿਲਾਮੀ 'ਤੇ ਸਿਖਲਾਈ ਹਾਸਲ ਕਰਨੀ ਹੋਵੇਗੀ। ਵੈੱਬਸਾਈਟ 'ਤੇ ਆਪਣੀ ਰਜਿਸਟ੍ਰੇਸ਼ਨ ਤੋਂ ਬਾਅਦ, ਇੱਛੁਕ ਖਰੀਦਦਾਰ/ਬੋਲੀਕਾਰ ਨੂੰ ਹੇਠ ਲਿਖੇ ਦਸਤਾਵੇਜ਼ਾਂ ਦੀਆਂ ਕਾਪੀਆਂ ਅਪਲੋਡ ਕਰਨ, ਈ-ਮੇਲ ਕਰਨ ਅਤੇ ਸਵੈ-ਪ੍ਰਮਾਣਿਤ ਹਾਰਡ ਕਾਪੀ ਇਸ ਪਤੇ 'ਤੇ ਭੇਜਣ ਦੀ ਲੋੜ ਹੁੰਦੀ ਹੈ: ਪਤਾ : ਐਸਸੀਓ 134, ਜ਼ਮੀਨੀ ਤਲ, ਛੋਟੀ ਬਾਰਾਦਰੀ, ਪਟਿਆਲਾ, ਪੰਜਾਬ-147001, ਮੋਬਾਈਲ ਨੰਬਰ +91 8281138143 ਈ-ਮੇਲ ਆਈਡੀ **p.adith@grihumhousing.com** ਨਿਯਮਾਂ ਅਤੇ ਸ਼ਰਤਾਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਈ-ਨਿਲਾਮੀ ਵਿੱਚ ਹਿੱਸਾ ਲੈਣ ਲਈ **https://www.bankeauctions.com** ਅਤੇ **www.grihumhousing.com** 'ਤੇ ਜਾਓ।
ਇਹ ਸੂਚਨਾ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ-2002 ਦੇ ਨਿਯਮ 8 (6) ਦੇ ਅਧੀਨ ਕਰਜ਼ਦਾਰ/ਸਹਿ-ਕਰਜ਼ਦਾਰ/ਗਿਰਵੀਕਾਰ (ਾਂ)/ਜ਼ਾਮਨ (ਾਂ) ਦੇ ਲਈ 30 ਰੋਜ਼ਾ (ਤੀਹ) ਸੂਚਨਾ ਵਜੋਂ ਵੀ ਵਿਚਾਰੀ ਜਾਵੇ।

ਸਹੀ/- ਅਧਿਕਾਰਤ ਅਧਿਕਾਰੀ,
ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ

ਸਥਾਨ : ਪਟਿਆਲਾ, ਪੰਜਾਬ ਮਿਤੀ : 19.01.2026

AMBIT FINVEST PRIVATE LIMITED

AMBIT Finvest — Pragati ke partner

ਕਾਰਪੋਰੇਟ ਦਫਤਰ: ਕਨਕੀਆ ਵਾਲ ਸਟਰੀਟ, 5ਵੀਂ ਮੰਜ਼ਿਲ, ਏ 506-510, ਅੰਧੇਰੀ-ਕੁਰਲਾ ਰੋਡ, ਅੰਧੇਰੀ ਈਸਟ, ਮੁੰਬਈ-400093

ਮੰਗ ਸੂਚਨਾ

ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (''ਐਕਟ'') ਅਤੇ ਸੁਰੱਖਿਆ ਵਿਆਜ (ਇਨਫੋਰਸਮੈਂਟ) ਨਿਯਮ, 2002 (''ਨਿਯਮ'') ਦੇ ਉਪਬੰਧਾਂ ਦੇ ਤਹਿਤ

ਐਕਟ ਦੇ ਤਹਿਤ ਐਂਬਿਟ ਫਿਨਵੈਸਟ ਪ੍ਰਾਈਵੇਟ ਲਿਮਟਿਡ ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ ਅਤੇ ਨਿਯਮ 3 ਦੇ ਨਾਲ ਪੜ੍ਹੇ ਗਏ ਐਕਟ ਦੀ ਧਾਰਾ 13 (12) ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਐਕਟ ਦੀ ਧਾਰਾ 13 (2) ਦੇ ਤਹਿਤ ਡਿਮਾਂਡ ਨੋਟਿਸ(ਨਾਂ) ਜਾਰੀ ਕੀਤੇ, ਜਿਸ ਵਿੱਚ ਹੇਠ ਲਿਖੇ ਕਰਜ਼ਦਾਰ(ਨਾਂ) ਨੂੰ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਨੋਟਿਸ(ਨਾਂ) ਵਿੱਚ ਦੱਸੀ ਗਈ ਰਕਮ ਵਾਪਸ ਕਰਨ ਲਈ ਕਿਹਾ ਗਿਆ। ਹੇਠ ਹਸਤਾਖਰ ਕਰਨ ਵਾਲਾ ਇਹ ਮੰਨਦਾ ਹੈ ਕਿ ਕਰਜ਼ਾ ਲੈਣ ਵਾਲੇ ਮੰਗ ਨੋਟਿਸ (ਨਾਂ) ਦੀ ਸੇਵਾ ਤੋਂ ਬਚ ਰਹੇ ਹਨ/ਰਹੇ ਹਨ, ਇਸ ਲਈ ਨੋਟਿਸ ਦੀ ਸੇਵਾ ਨਿਯਮਾਂ ਅਨੁਸਾਰ ਚਿਪਕਣ ਅਤੇ ਪ੍ਰਕਾਸ਼ਨ ਦੁਆਰਾ ਲਾਗੂ ਕੀਤੀ ਜਾ ਰਹੀ ਹੈ। ਮੰਗ ਨੋਟਿਸ (ਨਾਂ) ਦੀ ਸਮੱਗਰੀ ਇੱਥੇ ਹੇਠਾਂ ਦਿੱਤੀ ਗਈ ਹੈ:

ਕਰਜ਼ਦਾਰ (ਾਂ) ਦਾ ਨਾਮ	ਮੰਗ ਸੂਚਨਾ ਮਿਤੀ ਅਤੇ ਰਕਮ
1. ਰਾਜਵਿੰਦਰ ਸਿੰਘ 2. ਸਰਬਜੀਤ ਕੌਰ 3. ਅੰਮ੍ਰਿਤਪਾਲ ਕੌਰ ਲੋਨ ਨੰਬਰ **LUI00000029987**	19.12.2025 ਅਤੇ ਰੁਪਏ 21,26,541.34/- (ਇੱਕੀ ਲੱਖ ਛੱਬੀ ਹਜ਼ਾਰ ਪੰਜ ਸੌ ਇਕਤਾਲੀ ਅਤੇ ਚੌਤੀ ਪੈਸੇ ਸਿਰਫ਼) 15.12.2025 ਨੂੰ
ਗਿਰਵੀ ਰੱਖੀ ਗਈ ਅਚੱਲ ਜਾਇਦਾਦ/ਜਾਇਦਾਦਾਂ ਦਾ ਵੇਰਵਾ: ਜਾਇਦਾਦ ਮਾਪ 18-ਬਿਸਵਾ 13-ਬਿਸਵਾਸੀ, ਖੇਵਟ ਨੰਬਰ 164, ਖਤੌਨੀ ਨੰਬਰ 270, ਖਸਰਾ ਨੰਬਰ 182-ਮਿਨ, ਜਮ੍ਹਾਂਬੰਦੀ ਸਾਲ 2016-2017 ਅਧੀਨ ਸ਼ਾਮਲ, ਪਿੰਡ ਅਹੰਖੇੜੀ, ਤਹਿਸੀਲ ਮਾਲੇਰਕੋਟਲਾ ਅਤੇ ਜ਼ਿਲ੍ਹਾ ਸੰਗਰੂਰ (ਪੰਜਾਬ) ਵਿੱਚ ਸਥਿਤ ਹੇਠ ਲਿਖੇ ਅਨੁਸਾਰ ਹੱਦਬੰਦੀ ਹੈ: ਪੂਰਬ: ਸੜਕ, ਉੱਤਰ: ਜਗਮੇਲ ਸਿੰਘ, ਪੱਛਮੀ: ਜਗਮੇਲ ਸਿੰਘ, ਦੱਖਣ: ਗੁਰਦੀਪ ਸਿੰਘ	
1. ਜਸਵਿੰਦਰ ਸਿੰਘ 2. ਜੱਜ ਸਿੰਘ 3. ਗੁਰਜੀਤ ਕੌਰ ਲੋਨ ਨੰਬਰ **LUI00000047865**	19.12.2025 ਅਤੇ ਰੁਪਏ 20,29,183.58/- (ਰੁਪਏ ਵੀਹ ਲੱਖ ਉਨੱਤੀ ਹਜ਼ਾਰ ਇੱਕ ਸੌ ਤਰਾਸੀ ਅਤੇ ਅੱਠਵੰਜਾ ਪੈਸੇ ਸਿਰਫ਼) 15.12.2025 ਨੂੰ
ਗਿਰਵੀ ਰੱਖੀ ਗਈ ਅਚੱਲ ਜਾਇਦਾਦ/ਜਾਇਦਾਦਾਂ ਦਾ ਵੇਰਵਾ: ਟਰਾਂਸਫਰ ਡੀਡ ਵਸੀਕਾ ਨੰ. 676 ਮਿਤੀ 08/07/2022 ਹੇਠ ਲਿਖੇ ਅਨੁਸਾਰ ਜ਼ਮੀਨ ਦੀ ਮਾਪ 2 ਕਨਾਲ-4 ਐਮ-5 ਸਰਸਾਈ ਜਿਸ ਵਿੱਚ ਖਾਤਾ ਨੰਬਰ 57/104 ਖਸਰਾ ਨੰਬਰ 19//24/2, 25,20//21/2, 22/2/2, 25//1, 2, 9, 10, 11/1, 12, 26, 26//4/2, 5, 6, 7, 8/1, 13/2, 14/1, 14/2, 15/1 ਵਿਚ ਸ਼ਾਮਲ ਜਮ੍ਹਾਂਬੰਦੀ ਅਨੁਸਾਰ ਸਾਲ 2018-19 ਲਈ, ਪਿੰਡ ਮੰਜਗੜ੍ਹ, ਤਹਿਸੀਲ ਧਮਕੋਟ ਜ਼ਿਲ੍ਹਾ ਮੋਗਾ ਵਿਖੇ ਸਥਿਤ ਹੈ। ਹੱਦਬੰਦੀ: ਪੂਰਬ: ਕੁਲਦੀਪ ਸਿੰਘ, ਉੱਤਰ: ਜੰਗ ਸਿੰਘ, ਪੱਛਮੀ: ਰਸਤਾ (ਗਲੀ), ਦੱਖਣ: ਰਸਤਾ 22 ਫੁੱਟ ਰੋਮੀ (ਇੱਟਾਂ ਦਾ ਭੱਠਾ)	

ਕਰਜ਼ਦਾਰ (ਾਂ) ਨੂੰ ਇਸ ਦੁਆਰਾ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਮੰਗ ਨੋਟਿਸ(ਨਾਂ) ਦੀ ਪਾਲਣਾ ਕਰਨ ਅਤੇ ਇਸ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਲਾਗੂ ਵਿਆਜ, ਵਾਧੂ ਵਿਆਜ, ਬਾਊਂਸ ਚਾਰਜ, ਲਾਗਤ ਅਤੇ ਖਰਚਿਆਂ ਦੇ ਨਾਲ ਭੁਗਤਾਨ ਦੀ ਪ੍ਰਾਪਤੀ ਦੀ ਮਿਤੀ ਤੱਕ ਭੁਗਤਾਨ ਕਰਨ। ਉਧਾਰ ਲੈਣ ਵਾਲੇ ਇਹ ਨੋਟ ਕਰ ਸਕਦੇ ਹਨ ਕਿ AFPL ਇੱਕ ਸੁਰੱਖਿਅਤ ਲੈਣਦਾਰ ਹੈ ਅਤੇ ਕਰਜ਼ਦਾਰ (ਾਂ) ਦੁਆਰਾ ਪ੍ਰਾਪਤ ਕੀਤੀ ਗਈ ਕਰਜ਼ਾ ਸਹੂਲਤ ਅਚੱਲ ਜਾਇਦਾਦ/ਸੰਪਤੀਆਂ ਦੇ ਵਿਰੁੱਧ ਇੱਕ ਸੁਰੱਖਿਅਤ ਕਰਜ਼ਾ ਹੈ ਜੋ ਕਰਜ਼ਦਾਰ(ਾਂ)ਦੁਆਰਾ ਗਿਰਵੀ ਰੱਖੀ ਗਈ ਸੁਰੱਖਿਅਤ ਸੰਪਤੀ(ਾਂ) ਹੈ। ਜੇਕਰ ਕਰਜ਼ਦਾਰ(ਾਂ) ਨਿਰਧਾਰਤ ਸਮੇਂ ਦੇ ਅੰਦਰ ਆਪਣੀਆਂ ਦੇਣਦਾਰੀਆਂ ਨੂੰ ਪੂਰੀ ਤਰ੍ਹਾਂ ਨਿਭਾਉਣ ਵਿੱਚ ਅਸਫਲ ਰਹਿੰਦੇ ਹਨ, ਤਾਂ AFPL ਐਕਟ ਦੀ ਧਾਰਾ 13(4) ਦੇ ਤਹਿਤ ਸੁਰੱਖਿਅਤ ਸੰਪਤੀ(ਨਾਂ) ਦਾ ਕਬਜ਼ਾ ਲੈਣ ਲਈ ਸਾਰੇ ਅਧਿਕਾਰਾਂ ਦੀ ਵਰਤੋਂ ਕਰਨ ਦਾ ਹੱਕਦਾਰ ਹੋਵੇਗਾ, ਜਿਸ ਵਿੱਚ ਵਿਕਰੀ ਦੁਆਰਾ ਜਾਂ ਐਕਟ ਅਤੇ ਇਸਦੇ ਅਧੀਨ ਨਿਯਮਾਂ ਦੇ ਅਧੀਨ ਉਪਲਬਧ ਕਿਸੇ ਹੋਰ ਉਪਾਅ ਦੀ ਵਰਤੋਂ ਕਰਕੇ ਟ੍ਰਾਂਸਫਰ ਕਰਨਾ ਸ਼ਾਮਲ ਹੈ ਪਰ ਸੀਮਿਤ ਨਹੀਂ ਹੈ। AFPL ਨੂੰ ਵਿਕਰੀ ਜਾਂ ਟ੍ਰਾਂਸਫਰ ਦੇ ਅਧਿਕਾਰ ਨੂੰ ਲਾਗੂ ਕਰਨ ਤੋਂ ਪਹਿਲਾਂ ਸੁਰੱਖਿਅਤ ਸੰਪਤੀ(ਨਾਂ) ਨੂੰ ਜੋੜਨ ਅਤੇ/ਜਾਂ ਸੀਲ ਕਰਨ ਦਾ ਵੀ ਅਧਿਕਾਰ ਹੈ। ਸੁਰੱਖਿਅਤ ਸੰਪਤੀ(ਆਂ) ਦੀ ਵਿਕਰੀ ਤੋਂ ਬਾਅਦ, AFPL ਨੂੰ ਬਕਾਇਆ ਬਕਾਇਆ ਵਸੂਲੀ ਲਈ ਵੱਖਰੀ ਕਾਨੂੰਨੀ ਕਾਰਵਾਈ ਸ਼ੁਰੂ ਕਰਨ ਦਾ ਵੀ ਅਧਿਕਾਰ ਹੈ, ਜੇਕਰ ਗਿਰਵੀ ਰੱਖੀ ਗਈ ਜਾਇਦਾਦ ਦਾ ਮੁੱਲ AFPL ਨੂੰ ਦੇਣਯੋਗ ਬਕਾਇਆ ਰਕਮ ਨੂੰ ਪੂਰਾ ਕਰਨ ਲਈ ਨਾਕਾਫ਼ੀ ਹੈ। ਇਹ ਉਪਾਅ ਕਿਸੇ ਹੋਰ ਕਾਨੂੰਨ ਦੇ ਤਹਿਤ AFPL ਨੂੰ ਉਪਲਬਧ ਹੋਰ ਸਾਰੇ ਉਪਾਵਾਂ ਤੋਂ ਇਲਾਵਾ ਅਤੇ ਸੁਤੰਤਰ ਹੈ। ਕਰਜ਼ਦਾਰ(ਆਂ) ਦਾ ਧਿਆਨ ਐਕਟ ਦੀ ਧਾਰਾ 13(8) ਵੱਲ, ਉਪਲਬਧ ਸਮੇਂ ਦੇ ਸੰਬੰਧ ਵਿੱਚ, ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ ਅਤੇ ਐਕਟ ਦੀ ਧਾਰਾ 13(13) ਵੱਲ ਖਿੱਚਿਆ ਜਾਂਦਾ ਹੈ, ਜਿਸਦੇ ਤਹਿਤ ਕਰਜ਼ਦਾਰ(ਾਂ) ਨੂੰ ਸੁਰੱਖਿਅਤ ਸੰਪਤੀ(ਆਂ) ਦਾ ਨਿਪਟਾਰਾ ਕਰਨ ਜਾਂ ਉਨ੍ਹਾਂ ਨਾਲ ਨਜਿੱਠਣ ਜਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ (ਕਾਰੋਬਾਰ ਦੇ ਆਮ ਕੋਰਸ ਤੋਂ ਇਲਾਵਾ) ਕਿਸੇ ਵੀ ਸੁਰੱਖਿਅਤ ਸੰਪਤੀ(ਆਂ) ਨੂੰ ਟ੍ਰਾਂਸਫਰ ਕਰਨ ਤੋਂ ਰੋਕਿਆ/ਮਨਾਹੀ ਕੀਤੀ ਜਾਂਦੀ ਹੈ, AFPL ਦੀ ਪਹਿਲਾਂ ਲਿਖਤੀ ਸਹਿਮਤੀ ਤੋਂ ਬਿਨਾਂ ਅਤੇ ਉਪਰੋਕਤ ਦੀ ਪਾਲਣਾ ਨਾ ਕਰਨਾ ਉਕਤ ਐਕਟ ਦੀ ਧਾਰਾ 29 ਦੇ ਤਹਿਤ ਸਜ਼ਾਯੋਗ ਅਪਰਾਧ ਹੈ। ਡਿਮਾਂਡ ਨੋਟਿਸ ਦੀ ਕਾਪੀ ਹੇਠ ਹਸਤਾਖਰ ਕਰਨ ਵਾਲੇ ਕੋਲ ਉਪਲਬਧ ਹੈ ਅਤੇ ਕਰਜ਼ਦਾਰ, ਜੇਕਰ ਉਹ ਚਾਹੁਣ, ਤਾਂ ਆਮ ਦਫ਼ਤਰੀ ਸਮੇਂ ਦੌਰਾਨ ਕਿਸੇ ਵੀ ਕੰਮ ਵਾਲੇ ਦਿਨ ਹੇਠ ਹਸਤਾਖਰ ਕਰਨ ਵਾਲੇ ਤੋਂ ਇਸਨੂੰ ਪ੍ਰਾਪਤ ਕਰ ਸਕਦੇ ਹਨ।

ਮਿਤੀ: 19.01.2026, ਸਥਾਨ: ਸੰਗਰੂਰ/ਮੋਗਾ, ਪੰਜਾਬ

ਸਹੀ/- ਅੰਕੇਟ ਮੋਰ, ਅਧਿਕਾਰਤ ਅਧਿਕਾਰੀ
ਐਂਬਿਟ ਫਿਨਵੈਸਟ ਪ੍ਰਾਈਵੇਟ ਲਿਮਟਿਡ